੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SATJUG**
1920 ਤੋਂ
ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ (1920 ਈ:) ਤੋਂ ਸਥਾਪਿਤ

ਸਾਉਣ ੨੦੭੫
ਵੀਰਵਾਰ
26July–1*Aug.* 2018

ਜਿਲਦ 26
ਨੰਬਰ 15
Total Pages 28

## ਸ਼ਹੀਦ ਊਧਮ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ



ਬਣਦੇ ਕਦੇ ਇਤਿਹਾਸ ਨਹੀਂ ਏਸ ਗੱਲੇ,
ਕਿ ਅਸਾਂ ਰਾਜਿਆਂ ਦੇ ਏਨੇ ਪੂਰ ਜੰਮੇਂ।
ਆਉਣ ਵਾਲੀਆਂ ਨਸਲਾਂ ਨੇ ਪੁੱਛਣਾ ਏ,
ਕਿਹੜੀ ਕੌਮ ਨੇ ਬਹੁਤੇ ਮਨਸੂਰ ਜੰਮੇਂ।

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਅਫ਼ਰੀਕਾ ਦੌਰੇ ਦੀਆਂ ਝਲਕੀਆਂ









# ਸਤਿਜੁਗ

੧੧ ਤੋਂ ੧੭ ਸਾਉਣ, ੨੦੭੫ ਬ੍ਰਿ.
26 ਜੁਲਾਈ ਤੋਂ 1 ਅਗਸਤ 2018 ਈ:
ਜਿਲਦ 26,ਵੀਰਵਾਰ ਨੰਬਰ 15

**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015

E-mail : satjug@sribhainisahib.com
Website: www.satjugonline.com

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

**Date of Publication: 25-07-2018,**
**Date of Posting: 26-27 July 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

# ਤਤਕਰਾ

* ਗੁਰਬਾਣੀ ਵੀਚਾਰ
ਸੰਤ ਨਿਸ਼ਾਨ ਸਿੰਘ ਜੀ................................4
* ਸੰਪਾਦਕੀ--ਸੂਰਾ ਸੋ ਪਹਿਚਾਨੀਐ
ਸੇਵਕ ਹਰਪਾਲ ਸਿੰਘ............................................5
* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ...........................7
* ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ.................................7
* ਰੌਲਟ ਐਕਟ ਅਤੇ ਜ਼ਲ੍ਹਿਆਂਵਾਲੇ ਬਾਗ ਦਾ ਸਾਕਾ
ਨਿਸ਼ਾਨ ਸਿੰਘ .............................................10
* ਇੱਕ ਆਦਰਸ਼ਕ ਮਨੁੱਖ: ਸ਼ਹੀਦ ਊਧਮ ਸਿੰਘ
ਜਸਵੰਤ ਸਿੰਘ ਮਸਤ.......................................12
* ਸ਼ਹੀਦ ਊਧਮ ਸਿੰਘ: ਕੁਛ ਤੱਥ
ਜਸਵਿੰਦਰ ਸਿੰਘ ਹਿਸਟੋਰੀਅਨ.............................15
* ਸੁੱਚੇ ਮੋਤੀ ........................................................17
* ਸ਼ਹੀਦ ਊਧਮ ਸਿੰਘ (ਕਵਿਤਾ)
ਗੁਰਦਿਆਲ ਸਿੰਘ ਪ੍ਰੀਤ....................................17
* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ........ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ..................19
* ਰੁਦ੍ਰ ਅਵਤਾਰ:ਦੱਤਾ ਤ੍ਰੇਯ
ਮਾਸਟਰ ਦਰਸ਼ਨ ਸਿੰਘ ਜੀ...........................20
* ਬਾਲ ਸੰਦੇਸ਼..........................................................22
* ਖ਼ਬਰਨਾਮਾ..........................................................23

# ਗੁਰਬਾਣੀ ਵੀਚਾਰ

## ਪ੍ਰਭ ਕਾ ਕੀਆ ਮੀਠਾ ਮਾਨੈ

ਸੱਚ ਸਰੂਪ ਪ੍ਰਮੇਸ਼ਰ ਨਾਲ ਜੁੜੇ ਹੋਏ ਸ਼ਾਂਤ ਆਤਮਾ ਮਹਾਂ-ਪੁਰਖਾਂ ਦੀ ਦੂਜੀ ਨਿਸ਼ਾਨੀ ਬਿਆਨ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਸੰਤ-ਜਨ ਪ੍ਰਭੂ ਦੇ ਭਾਣੇ ਨੂੰ ਖੁਸ਼ੀ-ਖੁਸ਼ੀ ਸਤਿ-ਸਤਿ ਕਰਕੇ ਮੰਨਦੇ ਹਨ।

ਰਜ਼ਾ ਅਤੇ ਹੁਕਮ ਗੁਰਬਾਣੀ ਵਿਚ ਸਮਾਨ-ਅਰਥਕ ਸ਼ਬਦਾਂ ਦੇ ਰੂਪ ਵਿੱਚ ਵਰਤੇ ਗਏ ਹਨ। 'ਜੋ ਪ੍ਰਭ ਜੀ ਮਨਿ ਭਾਣੀ' ਕਾਰ ਕਰਨੀ ਅਤੇ ਉਸ ਦੇ ਕੀਤੇ 'ਤੇ ਸਦਾ ਪ੍ਰਸੰਨ ਚਿੱਤ ਰਹਿਣਾ ਭਗਤਾਂ, ਗੁਰੂਆਂ ਅਤੇ ਸਤਿਪੁਰਸ਼ਾਂ ਦੀ ਨਿਸ਼ਾਨੀ ਹੈ।

ਗੁਰੂ ਫ਼ੁਰਮਾਨ ਹੈ:-

"ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ"

ਭਾਣੇ ਤੋਂ ਭਾਵ ਹੈ, ਜੋ ਪ੍ਰਮੇਸ਼ਰ ਨੂੰ ਭਾਉਂਦਾ ਹੈ ਭਾਵ ਭਾਣਾ ਅੰਦਰੂਨੀ ਇੱਛਾ ਹੈ, ਪਰ ਜਦ ਉਹ ਪ੍ਰਗਟ ਹੁੰਦੀ ਹੈ ਤਾਂ ਹੁਕਮ ਬਣ ਜਾਂਦਾ ਹੈ ਅਤੇ ਉਸਨੂੰ ਬਿਨਾਂ ਕਿਸੇ ਇਤਰਾਜ਼ ਤੇ ਖਿੜੇ ਮੱਥੇ ਮੰਨਣਾ ਰਜ਼ਾ ਵਿੱਚ ਚੱਲਣਾ ਅਖਵਾਉਂਦਾ ਹੈ।ਅਧਿਆਤਮਕ ਜਗਤ ਵਿੱਚ ਰਜ਼ਾ ਨੂੰ ਤੱਪਸਿਆ ਤੋਂ ਵੀ ਉੱਪਰ ਮੰਨਿਆ ਗਿਆ ਹੈ, ਕਿਉਂਕਿ ਤਪੱਸਿਆ ਵਿਚ ਕਿਸੇ ਉੱਚੀ ਅਤੇ ਵਿਸ਼ੇਸ਼ ਪਦਵੀ ਦੀ ਖਾਹਿਸ਼ ਹੁੰਦੀ ਹੈ, ਪਰ ਰਜ਼ਾ ਵਿੱਚ ਸਾਰੇ ਸੰਕਲਪ-ਵਿਕਲਪ ਪੂਰਨ ਰੂਪ ਵਿਚ ਮਿਟ ਜਾਂਦੇ ਹਨ। ਇੱਕ ਦਿਨ ਸੂਫ਼ੀ ਵਿਚਾਰਧਾਰਾ ਦੀ ਪ੍ਰਸਿੱਧ ਹਸਤੀ ਰਾਬਿਆ ਦਾ ਸਾਧੂਆਂ ਫ਼ਕੀਰਾਂ ਨਾਲ ਮਿਲਾਪ ਹੋ ਗਿਆ। ਰੱਬੀ ਮਾਰਗ ਦੇ ਬਚਨ ਬਿਲਾਸ ਕਰਦਿਆਂ ਰਾਬਿਆ ਨੇ ਉਨ੍ਹਾਂ ਨੂੰ ਆਖਿਆ, "ਕੋਈ ਰਜ਼ਾ ਦਾ ਬਚਨ ਸੁਣਾਉ।" ਇੱਕ ਫ਼ਕੀਰ ਨੇ ਜਵਾਬ ਦਿੱਤਾ, "ਜੋ ਮਾਲਕ ਵੱਲੋਂ ਦੁੱਖ-ਸੁੱਖ ਆਵੇ, ਉਸ ਨੂੰ ਸਹਾਰ ਲੈਣਾ ਹੀ ਰਜ਼ਾ ਵਿੱਚ ਰਹਿਣਾ ਹੈ।" "ਪਰ ਇਸ ਵਿੱਚ ਤਾਂ ਹਉਮੈ ਦੀ ਹੀ ਪ੍ਰਧਾਨਤਾ ਹੈ।" ਰਾਬਿਆਂ ਨੇ ਬਚਨ ਕੀਤਾ। ਦੂਜੇ ਫ਼ਕੀਰ ਦਾ ਉੱਤਰ ਸੀ, "ਮਾਲਕ ਜੋ ਵੀ ਦਿੰਦਾ ਹੈ, ਉਸ ਦੁੱਖ-ਸੁੱਖ ਨੂੰ ਖਿੜੇ ਮੱਥੇ ਸਹਾਰ ਲਵੋ।" ਰਾਬਿਆ ਨੇ ਬਚਨ ਕੀਤਾ, "ਇਸ ਵਿੱਚੋਂ ਵੀ ਖ਼ੁਦੀ ਦੀ ਬੋ ਆਉਂਦੀ ਹੈ।ਰਜ਼ਾ ਦਾ ਮੰਨਣਾ ਤਾਂ ਇਹ ਹੈ ਕਿ ਫ਼ਕੀਰ ਰੱਬ ਦੇ ਦਿੱਤੇ ਹੋਏ ਵਿੱਚ ਦੁੱਖ-ਸੁੱਖ ਦਾ ਫ਼ਰਕ ਨਾ ਕਰੇ, ਬਲਕਿ ਉਸ ਦੀ ਦਾਤ ਅਥਵਾ ਬਖਸ਼ਿਸ਼ ਕਰਕੇ ਸਮਝੇ।" ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿੱਚ ਇਸ ਬਾਰੇ ਬਚਨ ਕਰਦੇ ਹਨ:-

"ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥"

ਪਰ ਰਜ਼ਾ ਦੇ ਗੁੱਝੇ ਭੇਤ ਨੂੰ ਜਾਨਣ ਵਾਸਤੇ, ਹੁਕਮ ਵਿੱਚ ਰਹਿਣ ਲਈ ਅਭਿਆਸ ਬਹੁਤ ਜ਼ਰੂਰੀ ਹੈ। ਸ਼ੰਕਾ ਉੱਠੇਗਾ ਕਿ ਨਿਰਗੁਣ ਬ੍ਰਹਮ ਅਦਿੱਖ ਹੈ। ਇਸ ਲਈ ਉਸ ਦੇ ਹੁਕਮ ਅਨੁਸਾਰ ਚੱਲਣਾ ਸਾਡੇ ਵੱਸ ਵਿੱਚ ਨਹੀਂ।ਇਸ ਰੁਕਾਵਟ ਨੂੰ ਦੂਰ ਕਰਨ ਲਈ ਨਿਰਗੁਣ ਤੋਂ ਸਰਗੁਣ ਹੋ ਕੇ ਪਰਮਾਤਮਾ ਗੁਰੂ ਰੂਪ ਵਿੱਚ ਪ੍ਰਗਟ ਹੁੰਦਾ ਹੈ। ਗੁਰੂ ਨੂੰ ਰੱਬੀ ਭਾਣਾ ਚੰਗਾ ਲੱਗਦਾ ਹੈ ਅਤੇ ਉਹ ਆਪ ਪ੍ਰਮੇਸ਼ਰ ਦੇ ਭਾਣੇ ਵਿੱਚ ਰਹਿ ਕੇ ਗੁਰਸਿੱਖਾਂ ਨੂੰ ਜੀਵਨ ਜੁਗਤੀ ਸਿਖਾਉਂਦਾ ਹੈ।

ਆਮ ਤੌਰ 'ਤੇ ਅਸੀਂ ਅਪਣੀ ਮਨ ਮਰਜ਼ੀ ਦੀਆਂ ਪੁਸਤਕਾਂ, ਘਟਨਾਵਾਂ ਜਾਂ ਗੱਲਾਂ ਨੂੰ ਖੁਸ਼ੀ-ਖੁਸ਼ੀ ਪਰਵਾਨ ਕਰ ਲੈਂਦੇ ਹਾਂ ਅਤੇ ਮਨ ਦੀ ਮਰਜ਼ੀ ਤੋਂ ਉਲਟ ਘਟਨਾਵਾਂ ਨੂੰ ਪਰਵਾਨ ਕਰਨਾ ਸਾਡੇ ਲਈ ਮੁਸ਼ਕਿਲ ਕਾਰਜ ਹੁੰਦਾ ਹੈ। ਮਨੁੱਖੀ ਅਕਲ ਦੁੱਖ-ਸੁੱਖ ਦਾ ਨਿਰੀਖਣ ਕਰਦੀ ਹੈ ਪਰੰਤੂ ਮਨੁੱਖੀ ਬੁੱਧੀ ਸੀਮਤ ਅਤੇ ਅਪੂਰਨ ਹੈ, ਜਦੋਂ ਕਿ ਮਾਲਕ ਦੀ ਰਜ਼ਾ ਪੂਰਨ ਅਤੇ ਸਥਾਈ ਹੁੰਦੀ ਹੈ। ਇਸ ਲਈ ਸਾਡੇ ਵਾਸਤੇ ਉਸਦੀ ਦੀ ਰਜ਼ਾ ਨੂੰ ਸਮਝ ਸਕਣਾ ਅਤੀ ਕਠਿਨ ਹੁੰਦਾ ਹੈ। ਜਦ ਕਿਸੇ ਸਾਧਕ ਦੀ ਬੁੱਧੀ ਪ੍ਰਭੂ ਰਜ਼ਾ ਵਿਚ ਲੀਨ ਹੋ ਜਾਂਦੀ ਹੈ ਤਾਂ ਉਹ ਪ੍ਰਭੂ-ਭਾਣੇ ਵਿੱਚੋਂ ਜਾਗ ਉੱਠਦੀ ਹੈ ਅਤੇ ਅਗਿਆਨਤਾ ਦਾ ਸਿਰਜਿਆ ਹੋਇਆ ਸੰਸਾਰ ਢਹਿ-ਢੇਰੀ ਹੋ ਜਾਂਦਾ ਹੈ। ਇਸ ਤਰ੍ਹਾਂ ਸਾਧਿਕ ਪਰਮਾਤਮ-ਦੇਵ ਦੀ ਰਜ਼ਾ ਨੂੰ ਸਮਝਣ ਅਤੇ ਉਸ ਵਿੱਚ ਚੱਲਣ ਦੇ ਯੋਗ ਹੋ ਜਾਂਦਾ ਹੈ। ਸਾਧਿਕ ਤੋਂ ਸਿੱਧ ਪਦਵੀ ਪ੍ਰਾਪਤ ਐਸਾ ਮਹਾਂਪੁਰਸ਼ ਇਸ ਭੇਦ ਨੂੰ ਚੰਗੀ ਤਰ੍ਹਾਂ ਜਾਣ ਲੈਂਦਾ ਹੈ ਕਿ ਦਇਆਵਾਨ ਪ੍ਰਭੂ ਜੋ ਵੀ ਕਰ ਰਿਹਾ ਹੈ ਜਾਂ ਕਰੇਗਾ, ਉਹ ਸਦਾ ਮੇਰੇ ਭਲੇ ਵਿਚ ਹੀ ਹੋਵੇਗਾ। ਉਹ ਮੇਰਾ ਸੁਹਿਰਦ ਮਿੱਤਰ, ਮਾਂ ਵਰਗਾ ਦਇਆਵਾਨ ਅਤੇ ਪਿਤਾ ਜਿਹਾ ਇੱਛਾ ਪੂਰਨ ਪ੍ਰਭੂ ਕਦੇ ਵੀ ਮੇਰਾ ਬੁਰਾ ਨਹੀਂ ਕਰਦਾ। 'ਮੀਤ ਕੇ ਕਰਤਬ ਕੁਸ਼ਲ ਸਾਮਾਨਾ' ਦੀ ਸੋਝੀ ਵਾਲੇ ਐਸੇ ਮਹਾਂ-ਮਾਨਵ ਚੰਗੇ ਮੰਦੇ ਦੇ ਲੇਖੇ ਵਿਚ ਨਹੀਂ ਪੈਂਦੇ। ਉਹਨਾਂ ਦੇ ਅੰਦਰੋਂ ਮਾਇਆ ਦਾ ਭਰਮ ਮਿਟ ਜਾਂਦਾ ਹੈ ਅਤੇ ਉਹਨਾਂ ਦੀ ਰੂਹਾਨੀ-ਪ੍ਰਭਤਾ ਉਹਨਾਂ ਨੂੰ ਵਿਸ਼ਾਲਤਾ ਵੱਲ ਲੈ ਜਾਂਦੀ ਹੈ। ਇਥੇ ਜਾ ਕੇ ਜੀਵ ਦੇ ਆਪਣੇ-ਪਣ ਅਤੇ ਨਿੱਜ-ਇੱਛਾਵਾਂ ਦੀ ਹੋਂਦ ਨਹੀਂ ਰਹਿੰਦੀ। ਭਗਵਤ ਗੀਤਾ ਦਾ ਵੀ ਇਹ ਉਪਦੇਸ਼ ਹੈ ਕਿ ਜੀਵ ਕਰਮ ਕਰੇ, ਪਰ ਫਲ ਦੀ ਇੱਛਾ ਨਾ ਰੱਖੇ। ਹਜ਼ਰਤ ਮੁਹੰਮਦ ਸਾਹਿਬ ਦਾ ਵੀ ਐਸਾ ਹੀ ਕਥਨ ਹੈ, "ਤੂੰ ਆਪਣਾ ਫ਼ਰਜ਼ ਪੂਰਾ ਕਰ, ਫੇਰ ਰਾਜ਼ੀ-ਬ-ਰਜ਼ਾ ਰਹਿ ਕੇ ਨਤੀਜਾ ਮਾਲਕ 'ਤੇ ਛੱਡ ਦੇਹ।"

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਬਚਨ ਹੈ ਕਿ ਸੱਚ ਸਭ ਰੋਗਾਂ ਅਤੇ ਦੁੱਖਾਂ ਦਾ ਦਾਰੂ ਹੈ। ਸੱਚ ਰੂਪੀ ਧਨ ਇਕੱਠਾ ਕਰਕੇ ਸਚਿਆਰ ਬਣ ਹੀ ਕੋਈ ਮਨੁੱਖ, ਸੱਚ ਪ੍ਰਮੇਸ਼ਰ ਵਿੱਚ ਸਮਾਅ ਸਕਦਾ ਹੈ। ਪਰ ਅਜਿਹਾ ਓਨਾ ਚਿਰ ਸੰਭਵ ਨਹੀਂ, ਜਿੰਨਾ ਚਿਰ ਅੰਦਰੋਂ ਕੂੜ ਦੀ ਕੰਧ ਨਹੀਂ ਢਹਿੰਦੀ, ਪਰ ਇਹ ਪ੍ਰਾਪਤੀ 'ਹੁਕਮਿ ਰਜਾਈ ਚਲਣਾ' ਨਾਲ ਹੀ ਹੋ ਸਕਦਾ ਹੈ।

ਗਿਆਨਵਾਨ ਪੁਰਸ਼ਾਂ ਦਾ ਵਿਚਾਰ ਹੈ, ਕਜ਼ਾ ਦੇ ਤੀਰਾਂ ਤੋਂ ਬਚਣ ਲਈ ਕੇਵਲ ਰਜ਼ਾ ਦੀ ਢਾਲ ਹੀ ਕੰਮ ਆਉਂਦੀ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਜੀਵੇ ਨੂੰ ਉਪਦੇਸ਼ ਦੇਂਦੇ ਹੋਏ ਫ਼ੁਰਮਾਇਆ ਹੈ ਕਿ ਜਿਵੇਂ ਪਤੀ-ਬ੍ਰਤਾ ਇਸਤਰੀ

**ਬਾਕੀ ਸਫ਼ਾ 9 'ਤੇ............**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ੧੯੭੭ ਬ੍ਰਿ. (1920ਈ:) ਤੋਂ ਸਥਾਪਿਤ

ਜਿਲਦ 26 ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਨੰਬਰ 15

4 ਤੋਂ ੧੦ ਸਾਉਣ ੨੦੭੫ ਬ੍ਰਿ: 26 July to 1 August 2018 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੨੦੩

## ਸੂਰਾ ਸੋ ਪਹਿਚਾਨੀਐ

ਮਨੁੱਖ ਦੋ ਕਿਸਮ ਦੇ ਹੁੰਦੇ ਹਨ-ਦੇਵ ਅਤੇ ਦਾਨਵ, ਪਰਉਪਕਾਰੀ ਅਤੇ ਸਵਾਰਥੀ, ਦਾਨੀ ਅਤੇ ਲੁਟੇਰੇ, ਮਿੱਠ-ਬੋਲੜੇ ਅਤੇ ਕੁਸੈਲੇ, ਕਾਇਰ ਅਤੇ ਸੂਰਮੇ। ਰਾਗ ਮਾਰੂ 'ਚ ਭਗਤ ਕਬੀਰ ਜੀ ਦੇ ਸਲੋਕਾਂ ਵਿੱਚ ਸੂਰਮੇ ਦੀ ਪਹਿਚਾਨ ਦੱਸੀ ਗਈ ਹੈ-

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

ਸੂਰਮਾ ਵਿਅਕਤੀ ਉਹੀ ਹੈ, ਜੋ ਦੀਨ ਵਾਸਤੇ, ਗਰੀਬ ਵਾਸਤੇ, ਮਜ਼ਲੂਮਾਂ ਵਾਸਤੇ, ਈਮਾਨ ਵਾਸਤੇ, ਕਿਸੇ ਆਦਰਸ਼ ਹਿੱਤ ਜੂਝਦਾ ਹੈ। ਉਹਦੇ ਤਨ ਦਾ ਪੁਰਜਾ-ਪੁਰਜਾ ਵੀ ਹੋ ਜਾਵੇ, ਪਰ ਉਹ ਕਦੇ ਪਿੱਠ ਨਹੀਂ ਵਿਖਾਉਂਦਾ, ਮੈਦਾਨ ਨਹੀਂ ਛੱਡਦਾ। ਆਪਣੇ ਲੋਭ ਵੱਸ, ਸਵਾਰਥ ਹਿੱਤ ਲੜ-ਮਰਨ ਵਾਲਾ ਵਿਅਕਤੀ ਸੂਰਮਾ ਅਖਵਾਉਣ ਦਾ ਹੱਕਦਾਰ ਨਹੀਂ। ਸਗੋਂ ਸਮਾਜ ਵਿੱਚ ਐਸੇ ਵਿਅਕਤੀ ਡਾਕੂ, ਲੁਟੇਰੇ ਅਤਟ ਗੈਂਗਸਟਰ ਕਹਿ ਕੇ ਫਿਟਕਾਰੇ ਜਾਂਦੇ ਹਨ।

ਮੈਦਾਨੇ ਜੰਗ ਵਿੱਚ ਜੂਝਣ ਵਾਲੇ ਸੂਰਬੀਰਾਂ ਵਾਂਗ ਗੁਰੂ ਸਾਹਿਬ ਉਸ ਵਿਅਕਤੀ ਨੂੰ ਹੀ ਸੂਰਮਾ ਆਖਦੇ ਹਨ, ਜੋ ਵਿਸ਼ੇ ਵਿਕਾਰਾਂ ਤੇ ਬੁਰਿਆਈਆਂ ਤੇ ਫਤ੍ਹੇ ਪਾਉਂਦਾ ਹੈ-

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟ ਅਹੰਕਰਣੁ ਮਾਰਿਆ॥

ਜਿਸਨੇ ਹਉਮੈ ਤੇ ਕਾਬੂ ਪਾ ਲਿਆ। ਗੁਰੂ ਦੀ ਚਰਨ-ਸਰਨ ਵਿੱਚ ਮੈਂ-ਮੇਰੀ ਤਿਆਗ ਕੇ ਪੂਰਨ ਸਮਰਪਣ ਕਰਨਾ, ਜਿਉਂਦਿਆਂ ਹੀ ਗੁਰੂ ਦੇ ਸਨਮੁਖ 'ਪਹਿਲਾ ਮਰਣ ਕਬੂਲਿ' ਕਰਨਾ ਵੀ ਸੂਰਮਿਆਂ ਦਾ ਹੀ ਕੰਮ ਹੈ। ਉਹਨਾਂ ਦਾ ਜੀਊਣਾ ਵੀ ਸਫਲ ਅਤੇ ਮਰਨਾ ਵੀ ਲੇਖੇ ਲੱਗ ਜਾਂਦਾ ਹੈ-

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਅਸੁਰੀ ਸੰਪਦਾ ਦੇ ਯੋਧਿਆਂ ਤੇ ਫਤ੍ਹੇ ਪਾਉਣ ਵਾਲਾ ਦੈਵੀ ਸੰਪਦਾ ਦਾ ਸੂਰਬੀਰ ਕਿਹਾ ਜਾਂਦਾ ਹੈ। ਮਨ ਤੇ ਕਾਬੂ ਪਾਉਣਾ, ਸਾਧਾਰਨ ਵਿਅਕਤੀ ਦੇ ਵੱਸ ਨਹੀਂ, ਗੁਰੂ ਕਿਰਪਾ ਨਾਲ ਹਠੀ, ਜਪੀ, ਤਪੀ, ਸੂਰਮੇ ਹੀ ਮਨ ਨੂੰ ਵੱਸ ਕਰ ਸਕਦੇ ਹਨ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ-

ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥

ਅਬਿਬੇਕ ਦੇ, ਮੋਹ ਦੇ ਜਿਨ੍ਹਾਂ ਯੋਧਿਆਂ ਅੱਗੇ ਵੱਡੇ-ਵੱਡੇ ਰਾਜੇ, ਸੂਰਮੇ ਅਤੇ ਜਪੀ ਤਪੀ ਵੀ ਹਥਿਆਰ ਸੁੱਟ ਦੇਂਦੇ ਹਨ, ਉਨ੍ਹਾਂ ਨੂੰ ਵੱਸ ਉਹੀ ਗੁਰੂ ਦਾ ਪਹਿਲਵਾਨ, ਗੁਰਮੁਖ ਸਿੱਖ ਕਰ ਸਕਦਾ ਹੈ, ਜਿਸਦੀ ਕੰਡ ਤੇ ਸਤਿਗੁਰੂ ਦਾ ਥਾਪੜਾ ਹੋਵੇ, ਗੁਰੂ ਦੀ ਬਖਸ਼ਿਸ਼ ਜਿਸਦੇ ਅੰਗ ਸੰਗ ਹੋਵੇ-

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥

ਜਿਵੇਂ ਗੁਰੂ ਘਰ ਵਿੱਚ ਦੋ ਤਰ੍ਹਾਂ ਦੇ ਲੰਗਰ ਹਨ-ਇੱਕ ਹੈ ਸਰੀਰ ਦੀ, ਪੇਟ ਦੀ ਭੁੱਖ ਮਿਟਾਉਣ ਲਈ ਅੰਨ-ਪਾਣੀ ਦਾ ਲੰਗਰ-

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ ਅਤੇ

ਦੂਸਰਾ ਹੈ ਮਨ ਦੀ ਭੁੱਖ ਮਿਟਾਉਣ ਲਈ, ਰੂਹ ਦੀ ਖੁਰਾਕ, ਗੁਰੂ ਸ਼ਬਦ ਦਾ, ਨਾਮ ਦਾ ਲੰਗਰ-

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥

ਏਸੇ ਤਰ੍ਹਾਂ ਹੀ ਗੁਰਮਤਿ ਅਨੁਸਾਰ ਮਨ ਦੇ ਵਿਕਾਰਾਂ ਤੇ ਕਾਬੂ ਪਾਉਣ ਵਾਲਾ ਵੀ ਸੂਰਮਾ ਹੈ ਅਤੇ ਗਰੀਬਾਂ, ਮਜ਼ਲੂਮਾਂ ਨੂੰ ਦੁੱਖ ਦੇਣ ਵਾਲੇ ਦੁਸ਼ਟਾਂ ਨੂੰ ਦੰਡ ਦੇਣ ਵਾਲਾ, ਧਰਮ ਦੀ,ਹੱਕ-ਸੱਚ ਦੀ ਸਥਾਪਨਾ ਕਰਨ ਵਾਲੇ ਬਲੀ ਪੁਰਸ਼ਾਂ ਨੂੰ ਵੀ ਸੂਰਾ-

ਵਰਿਆਮ ਕਹਿ ਕੇ ਵਡਿਆਇਆ ਜਾਂਦਾ ਹੈ।ਬਹਾਦਰ ਵਿਅਕਤੀ, ਚਾਲਬਾਜ਼ ਨਹੀਂ ਹੁੰਦੇ, ਛੜਯੰਤਰ ਨਹੀਂ ਰਚਦੇ, ਸਪੱਸ਼ਟਵਾਦੀ ਹੁੰਦੇ ਹਨ। ਸੂਰਮੇ ਕਦੇ ਪਿੱਠ ਤੇ ਵਾਰ ਨਹੀਂ ਕਰਦੇ, ਸਨਮੁਖ ਹੋ ਕੇ ਜੂਝਦੇ ਹਨ। ਜਿਸ ਵੇਲੇ ਮਲੇਰਕੋਟਲੇ ਦੇ ਰੱਕੜ ਵਿੱਚ ਨਾਮਧਾਰੀ ਸਿੰਘ ਤੋਪਾਂ ਅੱਗੇ ਛਾਤੀਆਂ ਤਾਣ ਕੇ ਸ਼ਹੀਦ ਹੋ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਸਿਆੜ੍ਹ ਵਿਖੇ ਸਨ। ਆਪ ਜੀ ਨੇ ਭਰਮਾਰ ਤੋਪ ਦੀ ਆਵਾਜ਼ ਸੁਣ ਬਚਨ ਕੀਤਾ ਕਿ "ਚੰਗਾ ਹੋਇਆ ਸਨਮੁਖ ਹੋ ਕੇ ਚੜ੍ਹ ਗਏ ਹੈਨ, ਨਹੀਂ ਤਾਂ ਬੇਸਿਦਕ ਹੋ ਜਾਂਦੇ।" ਆਪ ਜੀ ਸੂਰਮੇ ਦੇ ਧਰਮ ਬਾਰੇ ਫੁਰਮਾਇਆ ਕਿ ਸੂਰਮੇ ਦਾ ਇਹੀ ਧਰਮ ਹੈ, ਪਿੱਠ ਨਾ ਵਿਖਾਵੇ, ਹੋਰ ਕੁਝ ਨਾ ਹੋਵੇ ਹੱਥ ਵਿਚ ਛਿਤਰ ਲੈ ਕੇ ਹੀ ਸਾਮ੍ਹਣੇ ਹੋ ਕੇ ਜੂਝੇ ਪਰ ਨਾਲ ਹੀ ਫੁਰਮਾਇਆ 'ਪਰ ਨਿਮਖੀ ਕਾ ਸ਼ਸ਼ਤ੍ਰ ਬੜਾ ਹੈ।' ਭਾਵ ਨਿਮਰਤਾ, ਹਲੀਮੀ ਦਾ ਹਥਿਆਰ ਸ਼ਕਤੀਸ਼ਾਲੀ ਹੈ, ਜਿਸ ਬਾਰੇ ਪੰਚਮ ਪਾਤਸ਼ਾਹ ਦਾ ਵਾਕ ਹੈ-

ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥ ਇਸੁ ਆਗੈ ਕੋ ਨ ਟਿਕੈ ਵੇਕਾਰੀ॥

ਇਸ ਸ਼ਕਤੀ ਅੱਗੇ ਕੋਈ ਵਿਕਾਰ ਟਿਕ ਨਹੀਂ ਸਕਦਾ।

ਖ਼ਿਮਾ ਗਰੀਬੀ ਬੰਦਗੀ ਇਹ ਸੰਤਨ ਕੀ ਰੀਤ॥

ਦੋਸ਼ੀ ਨੂੰ, ਅਪਰਾਧੀ ਨੂੰ ਸਜ਼ਾ ਦੇਣ ਵਾਲਾ ਬਲੀ ਹੈ, ਪਰ ਉਸਨੂੰ ਖ਼ਿਮਾ ਕਰਨ ਵਾਲਾ ਮਹਾਂਬਲੀ ਹੁੰਦਾ ਹੈ। ਸਾਹਿਬ ਦਸਮ ਪਾਤਸ਼ਾਹ ਦੇ ਸਿੱਖ ਜੋ ਦੁਸ਼ਟਾਂ-ਦੋਖੀਆਂ ਨਾਲ ਜੂਝਦੇ ਸਨ ਉਹ ਵੀ ਸੂਰਮੇ ਸਨ, ਮਹਾਂਬਲੀ ਸਨ ਪਰ ਘਨ੍ਹਈਆ ਜੀ ਬ੍ਰਹਮ ਗਿਆਨੀ ਸੂਰਮੇ ਸਨ, ਜੋ 'ਬੁਰੇ ਨਾਲ ਵੀ ਨੇਕੀ ਕਰਨੀ' ਦੇ ਆਦਰਸ਼ ਤੇ ਪਹਿਰਾ ਦੇ ਕੇ ਸ੍ਰੀ ਦਸਮੇਸ਼ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੇ। ਬਹਾਦਰ ਵਿਅਕਤੀ ਨਿਰਭਉ ਅਤੇ ਨਿਰਵੈਰ ਹੁੰਦੇ ਹਨ। ਉਹੀ ਅਸਲ ਸੂਰਮੇ ਹੁੰਦੇ ਹਨ, ਜੋ ਸ਼ਰਨ ਪਏ ਦੁਸ਼ਮਣ ਨੂੰ ਖਿਮਾ ਕਰ ਦੇਂਦੇ ਹਨ। ਇਸ ਦੇ ਉਲਟ ਸਵਾਰਥੀ ਅਤੇ ਕੇਵਲ ਨਿਜ ਤੱਕ ਸੀਮਿਤ ਸੋਚ ਰੱਖਣ ਵਾਲੇ ਵਿਅਕਤੀ ਕੋਈ ਬਹਾਦਰੀ ਦਾ, ਕੁਰਬਾਨੀ ਦਾ ਕੰਮ ਨਹੀਂ ਕਰ ਸਕਦੇ। ਫੁਕਰੇ, ਚਾਲਬਾਜ਼, ਸਵਾਰਥੀ ਅਤੇ ਕਪਟੀ ਵਿਅਕਤੀ ਕਾਇਰ ਹੁੰਦੇ ਹਨ। ਸੂਰਮੇ ਬਚਨ ਦੇ ਬਲੀ ਅਤੇ ਤੇਗ ਦੇ ਧਨੀ ਹੁੰਦੇ ਹਨ- "ਸੁਭ ਕਰਮਨ ਤੇ ਕਬਹੂੰ ਨਾ ਟਰੋਂ॥" ਜਿਨ੍ਹਾਂ ਦੇ ਜੀਵਨ ਦਾ ਉਦੇਸ਼ ਹੁੰਦਾ ਹੈ- "ਨਿਸਚੈ ਕਰ ਅਪਨੀ ਜੀਤ ਕਰੌਂ॥" ਦਾ ਦ੍ਰਿੜ ਸੰਕਲਪ ਹੁੰਦਾ ਹੈ। ਸੂਰਮੇ ਅਜਿੱਤ ਹੁੰਦੇ ਹਨ ਜਿਵੇਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਜੰਗੇ-ਮੈਦਾਨ ਵਿੱਚ ਜਾਣ ਵੇਲੇ ਕਿਹਾ ਸੀ- 'ਅਜੀਤ ਹਾਂ, ਜਿੱਤਿਆ ਨਹੀਂ ਜਾਵਾਂਗਾ, ਜੂਝ ਜਾਵਾਂਗਾ, ਪਰ ਜ਼ਿੰਦਾ ਵਾਪਿਸ ਨਹੀਂ ਆਵਾਂਗਾ।" ਸੂਰਮੇ ਆਪਣੀ ਮੌਤ ਵਿਚੋਂ ਹੱਕ-ਸੱਚ ਦੀ ਸਥਾਪਤੀ, ਜ਼ੁਲਮ ਦਾ ਅੰਤ ਅਤੇ ਕੌਮ ਦੀ ਨਵੀਂ ਜ਼ਿੰਦਗੀ ਸਮਝਦੇ ਹਨ। ਸੂਰਮਿਆਂ ਦੀ ਮੌਤ ਵੀ ਅਣਖ ਭਰੀ ਹੁੰਦੀ ਹੈ। ਮੈਦਾਨੇ ਜੰਗ ਵਿੱਚ ਸ਼ਾਹ ਸਵਾਰ ਹੀ ਵੀਰਗਤੀ ਨੂੰ ਪ੍ਰਾਪਤ ਕਰਦੇ ਹਨ-

ਸ਼ਾਹ ਸਵਾਰ ਹੀ ਗਿਰਤੇ ਹੈਂ ਮੈਦਾਨੇ ਜੰਗ ਮੇਂ। ਵੋ ਕਿਆ ਖਾਕ ਗਿਰੇਂ ਜੋ ਘੁਟਨੋਂ ਕੇ ਬਲ ਚਲੇਂ।

ਸੂਰਮਿਆਂ ਦੀ ਤੁਲਨਾ ਸ਼ਮਾਂ ਤੇ ਕੁਰਬਾਨ ਹੋਣ ਵਾਲੇ ਪਤੰਗਿਆਂ ਨਾਲ ਕੀਤੀ ਗਈ ਹੈ। ਮਲੇਕੋਟਲੇ ਵਿਖੇ 1872 ਜਨਵਰੀ ਵਿੱਚ ਸ਼ਹੀਦ ਹੋਣ ਵਾਲੇ ਨਾਮਧਾਰੀ ਸਿੰਘਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ-

ਦੀਵੇ ਪਰ ਜਿਉਂ ਆਇ ਪਤੰਗੇ। ਤਿਉਂ ਤੋਪਨ ਦਿਸ ਜਾਇ ਨਿਸੰਗੇ।<br>
ਉਡੇ ਖੁਸੀ ਹ੍ਵੈ ਹ੍ਵੈ ਕਰ ਸਾਰੇ॥ ।ਜਰਾ ਨਾ ਕੀਨੇ ਪ੍ਰਾਨ ਪਿਆਰੇ।

ਅਜਿਹੇ ਸੂਰਮੇ ਕੌਮਾਂ ਦੀ ਸ਼ਾਨ ਬਣਦੇ ਹਨ।ਵੀਹਵੀਂ ਸਦੀ ਵਿੱਚ ਭਾਰਤ ਦੇ ਇਤਿਹਾਸ ਦੇ ਅਮਰ ਨਾਇਕਾਂ ਵਿੱਚ ਗਦਰੀ, ਬੱਬਰਾਂ ਨੇ, ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਮਦਨ ਲਾਲ ਢੀਂਗਰਾ, ਸ਼ਹੀਦ ਊਧਮ ਸਿੰਘ ਵਰਗੇ ਅਨੇਕਾਂ ਸੂਰਮਿਆਂ ਨੇ ਸ੍ਰੀ ਕਲਗੀਧਰ ਦੇ ਯੋਧਿਆਂ, ਨਾਮਧਾਰੀ ਸ਼ਹੀਦਾਂ ਤੋਂ ਪ੍ਰੇਰਣਾ ਲੈ ਕੇ ਅਣਖ, ਸਵੈਮਾਨ ਅਤੇ ਕੁਰਬਾਨੀ ਦੇ ਇਤਿਹਾਸ ਨੂੰ ਦੁਹਰਾਇਆ। ਜ਼ਾਲਮ ਦੇ ਸਾਹਮਣੇ ਝੁਕੇ ਨਹੀਂ, ਅੱਖਾਂ ਵਿੱਚ ਅੱਖਾਂ ਪਾ ਕੇ ਮੌਤ ਦਾ ਸਾਹਮਣਾ ਕੀਤਾ। ਸੂਰਮੇ ਕਦੇ ਪਿੱਠ'ਤੇ ਵਾਰ ਨਹੀਂ ਕਰਦੇ ਅਤੇ ਨਾ ਹੀ ਮੌਤ ਸਾਹਮਣੇ ਵੇਖ ਕੇ ਘਬਰਾਉਂਦੇ ਹਨ। ਆਪਣੇ ਆਪ ਨੂੰ ਬੱਬਰ ਸ਼ੇਰ ਸਮਝਣ ਵਾਲੇ ਜ਼ਾਲਮ ਨੂੰ ਉਸਦੇ ਘੋਰਨੇ ਵਿੱਚ ਜਾ ਕੇ ਗਿੱਚੀਓਂ ਫੜ ਕੇ ਉਸਦੇ ਕੁਕਰਮਾਂ ਦੀ ਸਜ਼ਾ ਦੇਂਦੇ ਹਨ।

ਜ਼ਲ੍ਹਿਆਂ ਵਾਲੇ ਬਾਗ ਵਿੱਚ ਹਜ਼ਾਰਾਂ ਨਿਰਦੋਸ਼ ਭਾਰਤੀਆਂ ਨੂੰ ਗੋਲੀਆਂ ਨਾਲ ਭੁੰਨਣ ਦਾ ਆਦੇਸ਼ ਦੇਣ ਵਾਲੇ ਜਨਰਲ ਓਡਵਾਇਰ ਨੂੰ ਉਸਦੀ ਕੀਤੀ ਦੀ ਸਜ਼ਾ ਦੇਣ ਲਈ ਸ਼ਹੀਦ ਊਧਮ ਸਿੰਘ ਨੇ ਕਿੰਨੇ ਵਰ੍ਹੇ ਇੰਤਜ਼ਾਰ ਕੀਤੀ, ਜਵਾਨ ਹੋਇਆ, ਪੜ੍ਹਿਆ, ਵਿਦੇਸ਼ਾਂ ਵਿੱਚ ਘੁੰਮਦਾ ਇੰਗਲੈਂਡ ਪੁੱਜਾ। ਓਡਵਾਇਰ ਦਾ ਬਾਡੀਗਾਰਡ ਵੀ ਬਣਿਆ। ਉਸਨੂੰ ਕਈ ਮੌਕੇ ਮਿਲੇ, ਜਦੋਂ ਉਹ ਉਸ ਜ਼ਾਲਮ ਨੂੰ ਗੋਲੀ ਮਾਰ ਕੇ ਰੂਪੋਸ਼ ਹੋ ਸਕਦਾ ਸੀ, ਪਰ ਆਇਰਸ਼ ਲੜਕੀ ਦੇ ਪੁੱਛਣ'ਤੇ ਸ. ਊਧਮ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਮਾਰਨਾ ਕੋਈ ਬਹਾਦਰੀ ਨਹੀਂ, ਵਿਸ਼ਵਾਸ਼ਘਾਤ ਹੋਵੇਗਾ। ਇਸ ਜ਼ਾਲਮ ਨੂੰ ਅਜਿਹੀ ਸਜ਼ਾ ਦੇਵਾਂਗਾ ਕਿ ਇਸਤੋਂ ਬਾਅਦ ਅਜਿਹਾ ਜ਼ਾਲਮਾਨਾ ਹੁਕਮ ਦੇਣ ਤੋਂ ਪਹਿਲਾਂ ਪੂਰੀ ਅੰਗਰੇਜ਼ ਕੌਮ ਦੀਆਂ ਲੱਤਾਂ ਕੰਬਣ। ਇਨ੍ਹਾਂ ਨੂੰ ਪਤਾ ਲੱਗੇ ਕਿ ਭਾਰਤੀਆਂ ਦੀ ਗੈਰਤ, ਅਣਖ ਜਿਉਂਦੀ ਹੈ। ਹੁਣ ਸਾਨੂੰ ਕੋਈ ਗੁਲਾਮ ਨਹੀਂ ਰੱਖ ਸਕਦਾ। ਸ਼ਹੀਦ ਊਧਮ ਸਿੰਘ ਦਾ ਉਦੇਸ਼ ਬਰਤਾਨਵੀ ਹਾਕਮਾਂ ਦੀ ਨਿਆਂ ਪ੍ਰਣਾਲੀ ਦਾ ਪਰਦਾਫਾਸ਼ ਕਰਨਾ ਵੀ ਸੀ। ਭਾਰਤੀਆਂ ਨੂੰ ਬਰਤਾਨਵੀ ਹਾਕਮਾਂ ਦੀ 'ਪਾੜੋ ਤੇ ਰਾਜ ਕਰੋ' ਦੀ ਕੁਟਲਨੀਤੀ ਤੋਂ ਸੁਚੇਤ ਕਰਨਾ ਅਤੇ ਆਪਸੀ ਭਾਈਚਾਰਕ ਸਦਭਾਵਨਾ ਦਾ ਸੰਦੇਸ਼ ਦੇਣਾ ਵੀ ਸੀ। ਇਸੇ ਲਈ ਉਸਨੇ ਆਪਣੀ ਬਾਂਹ'ਤੇ ਆਪਣਾ ਨਾਮ 'ਰਾਮ ਮੁਹੰਮਦ ਸਿੰਘ ਅਜ਼ਾਦ' ਲਿਖਿਆ ਸੀ। ਖੇਲ ਕੇ ਜਾਨਾਂ ਤੇ ਸ਼ਾਨਾਂ ਪਾਈਆਂ।ਅਸੀਂ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਅੱਗੇ ਅਦਬ ਸਹਿਤ ਸਿਰ ਝੁਕਾਉਂਦੇ ਹਾਂ।

**-ਸੇਵਕ ਹਰਪਾਲ ਸਿੰਘ**

# ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ

੧ ਜੁਲਾਈ ੨੦੧੮ ਸਥਾਨ- ਨਾਮਧਾਰੀ ਧਰਮਸਾਲਾ ਨੈਰੋਬੀ (ਕੀਨੀਆਂ)

## ਈਸਟ ਅਫਰੀਕਾ ਦੇ ਦੌਰੇ ਦੇ ਪਹਿਲੇ ਦਿਨ

ਬਾਹਰੋਂ ਆਏ ਹੋਏ ਪਤਵੰਤੇ ਸੱਜਣ, ਸਾਧ ਸੰਗਤ ਜੀਓ, ਮੇਰੇ ਵਾਸਤੇ ਸੀਹਰਾ ਜੀ ਨੇ, ਨਰਿੰਦਰ ਸਿੰਘ ਨੇ ਬਹੁਤ ਕੁਝ ਆਖਿਆ ਹੈ। ਤੁਸੀਂ ਰਸਮੀਂ ਤੌਰ'ਤੇ ਇਹ ਸਤਿਕਾਰ ਕੀਤਾ ਹੈ। ਇਹ ਵੇਖ ਕੇ ਮੈਨੂੰ ਭਗਤ ਰਵਿਦਾਸ ਜੀ ਦੀ ਇੱਕ ਤੁਕ ਯਾਦ ਆਉਂਦੀ ਹੈ-

ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ॥

ਇਹ ਸਤਿਕਾਰ ਨਾ ਮੇਰਾ ਹੈ, ਨਾ ਹੀ ਮੇਰੇ ਕਰਮ ਏਡੇ ਉੱਚੇ ਨੇ, ਨਾ ਮੇਰਾ ਜੀਵਨ ਏਨਾ ਉੱਚਾ ਹੈ ਕਿ ਮੈਂ ਇਸ ਸਤਿਕਾਰ ਦੇ ਯੋਗ ਹਾਂ। ਤੁਸੀਂ ਏਨਾ ਪਿਆਰ ਦਿੱਤਾ ਹੈ, ਮਾਣ ਦਿੱਤਾ ਹੈ, ਤੁਹਾਡਾ ਧੰਨਵਾਦ ਕਰਦਾ ਹਾਂ। ਕੁਝ ਅਰਜ਼ਾਂ ਮੈਂ ਜ਼ਰੂਰ ਕਰਨੀਆਂ ਚਾਹਾਂਗਾ, ਇਹ ਸਮਝ ਕੇ ਕਿ ਮੇਰਾ ਫਰਜ਼ ਹੈ, ਮੇਰੀ ਨੌਕਰੀ ਹੈ। ਤੁਸੀਂ ਕਥਾ ਸੁਣੀ ਹੈ ਯਾਦਵਿੰਦਰ ਤੋਂ, ਉਸ ਤੋਂ ਬਾਅਦ ਕੀਰਤਨ ਸੁਣਿਆ ਹੈ। ਮੈਂ ਇੱਕ ਚੀਜ਼ ਕਹਿਣੀ ਚਾਹਾਂਗਾ ਕਿ ਆਪਾਂ ਇਸ ਦੁਨੀਆਂ ਵਿੱਚ ਆਏ ਕਿਸ ਕਰਕੇ ਹਾਂ? ਉਹ ਹੀ ਗੱਲ ਯਾਦਵਿੰਦਰ ਨੇ ਕੀਤੀ ਸੀ-

ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥

ਸਿੱਖ ਪੰਥ ਵਿੱਚ ਸਭ ਤੋਂ ਵੱਡੀ ਮਹਾਨਤਾ ਨਾਮ ਤੇ ਬਾਣੀ ਦੀ ਹੈ। ਗੁਰਬਾਣੀ ਦਾ ਜਦੋਂ ਅਸੀਂ ਵਿਚਾਰ ਕਰਦੇ ਹਾਂ, ਗੁਰਬਾਣੀ ਸਾਨੂੰ ਨਾਮ ਦੇ ਨਾਲ ਜੋੜਦੀ ਹੈ। ਗੁਰਬਾਣੀ ਨਾਮ ਜਪਣ ਵਾਲਿਆਂ ਦੀ ਉਸਤਤ ਕਰਦੀ ਹੈ। ਗੁਰਬਾਣੀ ਸਾਨੂੰ ਇੱਕ ਠੀਕ ਰਸਤਾ ਦਿਖਾਉਂਦੀ ਹੈ। ਅਸੀਂ ਜਦੋਂ ਰਸਤੇ ਤੋਂ ਭੁੱਲ ਜਾਂਦੇ ਹਾਂ, ਅੱਜ ਕੱਲ੍ਹ ਦੀ ਦੁਨੀਆਂ ਵਿੱਚ ਤੁਸੀਂ ਕੋਈ ਨਾ ਕੋਈ ਨੈਵੀਗੇਸ਼ਨ ਐਪ ਲੈ ਜਾਂਦੇ ਹੋ। ਜਦੋਂ ਅਸੀਂ ਰਸਤੇ ਤੋਂ ਖੁੰਝ ਜਾਂਦੇ ਹਾਂ, ਅਸੀਂ ਗੁਰਬਾਣੀ ਦਾ ਪਾਠ ਕਰਦੇ ਹਾਂ, ਸਾਨੂੰ ਵਾਪਸ ਮੋੜ ਕੇ ਗੁਰਬਾਣੀ ਫੇਰ ਉੱਥੇ ਲੈ ਆਉਂਦੀ ਹੈ ਕਿ ਹੰਕਾਰ ਨਹੀਂ ਕਰਨਾ। ਜੇ ਕਿਤੇ ਕਿਤੇ ਨਾਮ ਜਪਦਿਆਂ ਵੀ ਮਨ ਵਿੱਚ ਇਹ ਆ ਜਾਂਦਾ ਹੈ ਕਿ ਮੈਂ ਨਾਮ ਜਪਦਾ ਹਾਂ, ਮੈਂ ਸਵੇਰੇ ਉੱਠਦਾ ਹਾਂ। ਮੈਂ ਬੜਾ ਚੰਗਾ ਹਾਂ। ਗੁਰਬਾਣੀ ਫੇਰ ਸਾਨੂੰ ਮੋੜ ਕੇ ਆਖਦੀ ਹੈ, ਮੂਰਖਾ ਤੂੰ ਕੁਛ ਕਰਨ ਵਾਲਾ ਨਹੀਂ, ਉਸ ਮਾਲਕ ਨੇ ਤੈਨੂੰ ਆਪਣੇ ਚਰਨੀਂ ਲਾ ਦਿੱਤਾ ਹੈ। ਹੰਕਾਰ ਕਰਕੇ ਤੂੰ ਖ਼ਰਾਬ ਨਾ ਹੋ, ਇਹ ਕਰਨ-ਕਰਾਉਣ ਵਾਲਾ ਉਹ ਮਾਲਕ ਹੈ। ਰਾਗੀ ਸਿੰਘਾਂ ਨੇ ਇੱਕਗੁਰਬਾਣੀ ਦਾ ਪ੍ਰਮਾਣ ਲਾਇਆ ਸੀ, ਜਿਸਦਾ ਭਾਵ ਹੈ ਕਿ ਜੇ ਹੰਕਾਰ ਖ਼ਤਮ ਹੋ ਗਿਆ ਤਾਂ ਘਰ ਵਿੱਚ ਬੈਠਿਆਂ ਹੀ ਉਸ ਸਰਬ-ਵਿਆਪੀ ਪਰਮਾਤਮਾ ਦੀ ਪਰਾਪਤੀ ਹੋ ਗਈ। ਸਾਡੇ ਵਿੱਚ ਤੇ ਪਰਮਾਤਮਾ ਵਿਚ ਬੜਾ ਬਰੀਕ ਪਰਦਾ ਹੈ।

ਉਹ ਪਰਦਾ ਖ਼ਤਮ ਕਰਨਾ ਹੀ ਬੜਾ ਔਖਾ ਹੈ। ਉਹ ਪਰਦਾ ਹੰਕਾਰ ਦਾ ਹੈ।

ਮੈਂ ਕੁਛ ਬੇਨਤੀਆਂ ਤੁਹਾਨੂੰ ਜ਼ਰੂਰ ਕਰਨੀਆਂ ਚਾਹਾਂਗਾ। ਸੁਖਵਿੰਦਰ ਸਿੰਘ ਨੇ ਹੁਣੇ ਕਿਹਾ ਸੀ ਕਿ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਏਥੇ ਆਏ। ਸੱਚੇ ਪਾਤਸ਼ਾਹ ਹੁਕਮ ਕੀਤਾ ਕਿ ਮੈਂ ਉਹਦੇ ਘਰੋਂ ਹੀ ਪ੍ਰਸ਼ਾਦਾ ਛਕਾਂਗਾ, ਜਿਹੜਾ ਮਾਸ ਸ਼ਰਾਬ ਦਾ ਤਿਆਗ ਕਰੇਗਾ। ਨਹੀਂ ਤੇ ਮੈਂ ਆਪਣਾ ਅੰਨ ਲੈ ਕੇ ਖਾ ਲਵਾਂਗਾ ਪਰ ਮੈਂ ਉਹਦੇ ਘਰੋਂ ਪ੍ਰਸ਼ਾਦ ਨਹੀਂ ਛਕਾਂਗਾ। ਮਾਫ ਕਰਨਾ, ਕੁਝ ਸਮਾਜਿਕ ਪ੍ਰੈਸ਼ਰਾਂ ਕਰਕੇ ਅਸੀਂ ਉਨੇ ਤਗੜੇ ਨਹੀਂ ਪਰ ਜੇ ਅਸੀਂ ਵੀ ਉੱਥੇ ਹੋ ਜਾਈਏ ਤਾਂ ਬੜਿਆਂ ਦਾ ਭਲਾ ਹੋ ਜਾਂਦਾ ਹੈ। ਮੈਂ ਬੜੇ ਜ਼ੋਰ ਨਾਲ ਕਹਿਣਾ ਚਾਹਾਂਗਾ ਕਿ ਜਿਹੜੇ ਮੇਰੇ ਵੀਰ ਏਥੇ ਆਏ ਹੋਏ ਨੇ, ਬਹੁਤੇ ਸਿੱਖ ਹੋ, ਬੇਸ਼ੱਕ ਹਿੰਦੂ ਭਰਾ ਵੀ ਨੇ- ਆਪਣੇ ਧਰਮ ਵਿੱਚ ਮਾਸ ਖਾਣ ਦੀ ਮਨਾਹੀ ਹੈ। ਆਪਣੇ ਧਰਮ ਵਿੱਚ ਜੀਵ ਹੱਤਿਆ ਕਰਨ ਦੀ ਮਨਾਹੀ ਹੈ। ਸਾਧ ਸੰਗਤ ਜੀ ਆਪਣੇ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ, ਇਹ ਕਰਮ ਤੁਹਾਨੂੰ ਭੁਗਤਣੇ ਪੈਣਗੇ। ਮਾਸ ਨਾ ਖਾਇਆ ਕਰੋ, ਸ਼ਰਾਬ ਨਾ ਪੀਆ ਕਰੋ। ਤੁਸੀਂ ਸਿੱਖ ਹੋ, ਤੁਹਾਡੇ ਬੜੇ ਵੱਡੇ ਭਾਗ ਨੇ, ਤੁਸੀਂ ਗੁਰੂ ਨਾਨਕ ਦੇਵ ਦੇ ਪੰਥ ਨਾਲ ਜੁੜੇ ਹੋ, ਚੰਗੇ ਭਾਗਾਂ ਤੋਂ ਬਿਨਾਂ ਨਹੀਂ ਜੁੜਿਆ ਜਾਂਦਾ। ਇਹ ਮਨੁੱਖਾ ਜਨਮ ਆਪਾਂ ਖਰਾਬ ਨਾ ਕਰੀਏ, ਪੈਸੇ ਮਿਲ ਜਾਣਗੇ, ਸਾਰਾ ਕੁਛ ਮਿਲ ਜਾਏਗਾ, ਪਰ ਇਹ ਸਿੱਖੀ ਕਿਸੇ ਕੀਮਤ ਨਹੀਂ ਮਿਲਦੀ। ਮੇਰੀ ਹੱਥ ਜੋੜ ਕੇ ਤੁਹਾਡੇ ਪਾਸ ਬੇਨਤੀ ਹੈ ਕਿ ਆਪਣੇ ਵਾਸਤੇ, ਆਪਣੇ ਪਰਿਵਾਰ ਵਾਸਤੇ, ਮਾਸ ਸ਼ਰਾਬ ਛੱਡ ਕੇ, ਗੁਰੂ ਨਾਨਕ ਦੇਵ ਦੇ ਪੰਥ ਨਾਲ ਜੁੜੀਏ। ਗੁਰੂ ਨਾਨਕ ਦੇਵ ਦੇ ਹੁਕਮਾਂ ਨਾਲ ਜੁੜੀਏ। ਸਤਿਗੁਰੂ ਜਗਜੀਤ ਸਿੰਘ ਦੇ ਹੁਕਮਾਂ ਨਾਲ ਜੁੜੀਏ। ਜਿਨ੍ਹਾਂ ਦੇ ਤੁਸੀਂ ਦਰਸ਼ਨ ਕੀਤੇ ਨੇ, ਤੁਹਾਨੂੰ ਪਤਾ ਹੈ ਕਿ ਸੱਚੇ ਪਾਤਸ਼ਾਹ ਕਿੰਨੇ ਪ੍ਰੇਮ ਨਾਲ ਜੋੜਿਆ ਹੈ, ਕਿਸ ਤਰ੍ਹਾਂ ਸਾਨੂੰ ਹੁਕਮ ਕੀਤਾ ਹੈ, ਮੈਂ ਯਾਦ ਕਰਵਾਉਣਾ ਚਾਹਾਂਗਾ, ਜਦੋਂ ਏਥੇ ਆਖਰੀ ਦੌਰਾ ਹੋਇਆ ਹੈ (ਸਤਿਗੁਰੂ ਜਗਜੀਤ ਸਿੰਘ ਜੀ ਦਾ), ਉਹ ਸ਼ਾਇਦ 2008 ਵਿੱਚ ਆਖਰੀ ਦੌਰਾ ਹੋਇਆ ਹੈ। ਜੇ ਮੈਂ ਕਹਿ ਲਵਾਂ ਕਿ ਇਹ ਉਹ ਟਾਈਮ ਸੀ ਜਦੋਂ ਡਾਕਟਰੀ ਮੁਤਾਬਕ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਯਾਦਾਸ਼ਤ ਪੂਰੀ ਠੀਕ ਨਹੀਂ ਸੀ ਜਾਂ ਕਹਿੰਦੇ ਸੀ ਕਿ ਠੀਕ ਗੱਲ ਨਹੀਂ ਕਰ ਸਕਦੇ। ਸੱਚੇ ਪਾਤਸ਼ਾਹ ਜੀ ਏਥੇ ਆ ਕੇ, ਉਹ ਸ਼ਾਇਦ ਆਖਰੀ ਉਪਦੇਸ਼ ਹੋਵੇ, ਦੋ ਦਿਨ ਸੱਚੇ ਪਾਤਸ਼ਾਹ ਨੇ ਲਗਾਤਾਰ ਰਿਪੀਟ ਕੀਤਾ। ਤੁਸੀਂ ਘੱਟ ਤੋਂ ਘੱਟ ਇੱਕ ਘੰਟਾ ਤੇ ਨਾਮ ਸਿਮਰਨ ਕਰੋ। ਉਹ ਨਾਮ ਸਿਮਰਨ ਆਪਾਂ ਇਸ ਵਿਸ਼ਵਾਸ ਨਾਲ ਕਰੀਏ, ਇਸ ਪਿਆਰ ਨਾਲ ਕਰੀਏ, ਜਿਵੇਂ ਅੱਜ ਯਾਦਵਿੰਦਰ ਵੀ ਗੱਲ ਕਰ ਰਿਹਾ ਸੀ। ਸੱਚੇ ਪਾਤਸ਼ਾਹ ਹੁਕਮ

ਕਰਦੇ ਸਨ ਕਿ ਸਿੱਖੀ ਵਿੱਚੋਂ ਜੇ ਵਿਸ਼ਵਾਸ ਕੱਢ ਦੇਈਏ ਤੇ ਬਾਕੀ ਕੁਛ ਨਹੀਂ ਰਹਿ ਜਾਂਦਾ। ਸਿੱਖੀ ਵਿੱਚ ਸ਼ਰਧਾ ਦੀ, ਵਿਸ਼ਵਾਸ਼ ਦੀ ਬਹੁਤ ਮਹੱਤਤਾ ਹੈ। ਤੁਸੀਂ ਆਪਣੀ ਥਾਂ ਸੋਚ ਲਵੋ, ਉਹ ਨਾਮ ਆਪਾਂ ਇਸ ਵਿਸ਼ਵਾਸ ਨਾਲ ਜਪੀਏ। ਇਸ ਪਿਆਰ ਨਾਲ ਜਪੀਏ ਕਿ ਜੇ ਸਾਨੂੰ ਮਨੁੱਖਾ ਦੇਹ ਮਿਲੀ ਹੈ, ਜੇ ਸਾਨੂੰ ਸੁੱਖ ਦਾ ਜੀਵਨ ਮਿਲਿਆ ਹੈ, ਜੇ ਸਾਨੂੰ ਚੰਗੀ ਰੋਟੀ ਖਾਣ ਨੂੰ ਮਿਲਦੀ ਹੈ, ਜੇ ਮੈਨੂੰ ਕੋਈ ਮਾਣ ਮਿਲਦਾ ਹੈ, ਉਹ ਮੇਰੇ ਕਰਕੇ ਨਹੀਂ, ਉਹ ਮੇਰੇ ਸਤਿਗੁਰੂ ਕਰਕੇ ਹੈ, ਪ੍ਰਮਾਤਮਾ ਕਰਕੇ ਹੈ। ਸਤਿਗੁਰੂ ਸੱਚੇ ਪਾਤਸ਼ਾਹ ਹੁਕਮ ਕਰਦੇ ਸੀ, ਤੁਸੀਂ ਕਿਸੇ ਅਫਸਰ ਤੋਂ, ਕਿਸੇ ਮਨਿਸਟਰ ਤੋਂ ਪਰਮਿਟ ਲੈਣਾ ਹੈ। ਤੁਸੀਂ ਉਹਦੇ ਦਫਤਰ ਬੈਠੇ ਰਹਿੰਦੇ ਹੋ ਜਾ ਕੇ, ਤੁਸੀਂ ਬੜੇ ਧਿਆਨ ਨਾਲ ਜਾਂਦੇ ਹੋ ਕਿ ਮੇਰੇ ਕੋਟ ਵਿੱਚ ਵੱਟ ਤੇ ਨਹੀਂ ਪਿਆ, ਮੇਰੀ ਪੈਂਟ ਸੋਹਣੀ ਹੈ, ਮੇਰਾ ਕਿੰਨਾ ਕੁ ਇੰਪਰੈਸ਼ਨ ਪਏਗਾ, ਮੇਰੀ ਅੰਗਰੇਜ਼ੀ ਕਿੰਨੀ ਕੁ ਚੰਗੀ ਹੈ, ਮੈਂ ਜਦੋਂ ਜਾ ਕੇ ਗੱਲ ਕਰਾਂਗਾ। ਓਹ ਜਿਹੜੇ ਮਾਲਕ ਨੇ ਤੁਹਾਨੂੰ ਇਹ ਜਨਮ ਦਿੱਤਾ ਹੈ, ਜਿਹੜਾ ਮਾਲਕ ਤੁਹਾਨੂੰ ਰੋਟੀ ਦੇ ਰਿਹਾ ਹੈ, ਕੀ ਉਹਦੇ ਵਾਸਤੇ ਆਪਾਂ ਇੱਕ ਘੰਟਾ ਨਹੀਂ ਕੱਢ ਸਕਦੇ। ਜਿਹਦੀ ਦਿੱਤੀ ਆਪਾਂ ਰੋਟੀ ਖਾ ਰਹੇ ਹਾਂ, ਜਿਹੜੀ ਗੁਰਬਾਣੀ ਨੂੰ ਆਪਾਂ ਮੱਥੇ ਟੇਕਦੇ ਹਾਂ, ਪਰ ਜੇ ਆਪਾਂ ਹੁਕਮ ਨਹੀਂ ਮੰਨਦੇ ਫਿਰ ਕੀ ਆਪਾਂ ਗੁਰਬਾਣੀ ਦਾ ਸਤਿਕਾਰ ਕਰਦੇ ਹਾਂ? ਗੁਰਬਾਣੀ ਦਾ ਸਤਿਕਾਰ ਇਹ ਹੈ ਕਿ ਜੋ ਸਾਡੇ ਪਰਮ ਪਿਤਾ, ਸਾਡੇ ਸਤਿਗੁਰੂਆਂ ਨੇ, ਜੋ ਹੁਕਮ ਲਿਖੇ ਨੇ, ਉਹ ਹੁਕਮ ਇਸ ਅਵਸਥਾ ਵਿੱਚ ਹੋ ਕੇ ਲਿਖੇ ਨੇ ਕਿਤੇ ਕਿਤੇ ਉਹਨਾਂ ਇਹ ਵੀ ਲਿਖਿਆ ਹੈ:-

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥

ਉਹ ਜਦੋਂ ਬਾਣੀ ਆਈ ਹੈ, ਉਹ ਜਿਹੜੇ ਹੁਕਮ ਆਏ ਨੇ, ਇਹ ਜਿਹੜੀਆਂ ਗੱਲਾਂ ਨੇ, ਜੇ ਤੁਸੀਂ ਗੁਰਬਾਣੀ ਸ਼ਰਧਾ ਨਾਲ ਪੜ੍ਹੋ, ਇਹ ਗੱਲਾਂ ਆਮ ਅਵਸਥਾ ਦੀਆਂ ਹੈ ਈ ਨਹੀਂ। ਜੇ ਅਸੀਂ ਗੁਰਬਾਣੀ ਦਾ ਸਤਿਕਾਰ ਕਰਦੇ ਹਾਂ। ਕਈ ਵਾਰੀ ਮੇਰੇ ਮਨ ਵਿੱਚ ਆਉਂਦਾ ਹੈ, ਸਾਡੇ ਵਿੱਚ ਵੀ ਉਹ ਰਿਵਾਜ ਚੱਲ ਗਿਆ। ਅਸੀਂ ਪਾਠੀ ਸੱਦ ਕੇ ਪਾਠ ਕਰਵਾ ਲਿਆ। ਭਾਈ ਪਾਠ ਕਰੀ ਜਾਂਦਾ ਹੈ, ਅਸੀਂ ਇੱਕ ਪਾਸੇ ਬੈਠੇ ਗੱਪਾਂ ਮਾਰੀ ਜਾਂਦੇ ਹਾਂ। ਸਾਨੂੰ ਪਤਾ ਵੀ ਨਹੀਂ ਕਿ ਗੁਰਬਾਣੀ ਵਿੱਚ ਕੀ ਲਿਖਿਆ ਹੈ। ਪਰ ਘੱਟ ਤੋਂ ਘੱਟ ਸਿੱਖੀ ਵਿੱਚ, ਮੈਂ ਜਿੰਨੀ ਕੁ ਸਿੱਖੀ ਸਮਝ ਸਕਿਆ ਹਾਂ ਇਸ ਚੀਜ ਦੀ ਮਹਾਨਤਾ ਨਹੀਂ (ਕਿ ਪੈਸੇ ਦੇ ਕੇ ਪਾਠ ਕਰਵਾਉਣ ਦੀ), ਇਸ ਚੀਜ ਦੀ ਮਹਾਨਤਾ ਹੈ ਕਿ ਜੇ ਤੁਸੀਂ ਪਾਠ ਆਪ ਕਰੋ। ਜੇ ਤੁਸੀਂ ਆਪ ਨਹੀਂ ਕਰ ਸਕਦੇ ਤਾਂ ਘੱਟੋ ਘੱਟ ਬਹਿ ਕੇ ਸੁਣੋ ਤੇ ਸਹੀ। ਤੁਹਾਡੇ ਅੰਦਰ ਕੋਈ ਅਸਰ ਹੋਏਗਾ। ਫੇਰ ਉਸ ਚੀਜ ਦਾ ਮਹਾਤਮ ਹੈ। ਮੈਂ ਸੱਚੇ ਪਾਤਸ਼ਾਹ ਦਾ ਇਹ ਹੁਕਮ ਦ੍ਰਿੜਾਉਣਾ ਚਾਹੁੰਦਾ ਹਾਂ, ਖਾਸ ਕਰਕੇ ਨਾਮਧਾਰੀਆਂ ਨੂੰ ਅਤੇ ਆਮ ਕਰਕੇ ਸਾਰਿਆਂ ਨੂੰ ਮੇਰੀ ਬੇਨਤੀ ਹੈ ਕਿ ਕੋਈ ਕਿਸੇ ਤਰ੍ਹਾਂ ਵੀ ਮੰਨਦਾ ਹੈ, ਬੇਸ਼ੱਕ ਮੇਰੇ ਵੀਰ ਹਿੰਦੂ ਵੀ ਏਥੇ ਆਏ ਹੋਏ ਨੇ, ਉਹ ਜਿਸ ਤਰ੍ਹਾਂ ਵੀ ਮੰਨਦੇ ਨੇ, ਉਹ ਅਕਾਲ ਪੁਰਖ, ਉਹ ਪਰਮਾਤਮਾ, ਨਾ ਉਹ ਹਿੰਦੂ ਹੈ, ਨਾ ਉਹ ਸਿੱਖ ਹੈ, ਨਾ ਉਹ ਮੁਸਲਮਾਨ ਹੈ, ਸਾਰੇ ਹੀ ਧਰਮ ਉਹਦੇ ਨੇ, ਆਪਾਂ ਉਹਦੇ ਨਾਲ ਜੁੜਨਾ ਹੈ, ਆਪਾਂ ਉਸ ਨੂੰ ਯਾਦ ਕਰਨਾ ਹੈ। ਮੈਨੂੰ ਇਸ ਚੀਜ਼ ਦਾ ਹੀ ਬੜਾ ਅਨੰਦ ਆਉਂਦਾ ਹੈ ਕਿ ਮੇਰੇ ਸਤਿਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਤਾਂ ਸਾਰੀਆਂ ਵੰਡਾਂ ਹੀ ਖਤਮ ਕਰ ਦਿੱਤੀਆਂ, ਤੁਸੀਂ ਗੁਰੂ ਨਾਨਕ ਦੇਵ ਦੀ ਬਾਣੀ ਪੜ੍ਹਦੇ ਹੋ, ਸਾਰੇ ਹੀ ਸਤਿਗੁਰਾਂ ਦੀ ਬਾਣੀ ਵਿੱਚ ਕਿਤੇ ਇਹ ਵੰਡ ਪਾਈ ਹੀ ਨਹੀਂ, ਉਹ ਪਰਮਾਤਮਾ ਦੇਣ ਵਾਲਾ ਇੱਕ ਹੈ, ਇਹ ਸਾਡੇ ਸਕੂਲ ਨੇ, ਅਸੀਂ ਉਨ੍ਹਾਂ ਸਕੂਲਾਂ ਵਿੱਚ ਜਾਣਾ ਹੈ, ਅਸੀਂ ਉਨ੍ਹਾਂ ਸਕੂਲਾਂ ਦੀ ਵਰਦੀ ਪਾਉਣੀ ਹੈ, ਉਨ੍ਹਾਂ ਸਕੂਲਾਂ ਦੇ ਅਸੂਲਾਂ ਤੇ ਚੱਲਣਾ ਹੈ। ਪਰ ਮਿਲਣਾ ਤਾਂ ਅਸੀਂ ਉਸ ਪਰਮਾਤਮਾ ਨੂੰ ਹੈ, ਸਾਡਾ ਰਸਤਾ ਇੱਕ ਹੈ। ਨਾਮ ਸਾਰੇ ਹੀ ਉਹਦੇ ਨੇ, ਜਿਸਨੇ ਜਿੱਥੋਂ-ਜਿੱਥੋਂ ਲਿਆ ਹੈ। ਉਹ ਨਾਮ ਲੈ ਕੇ, ਮਾਸ ਸ਼ਰਾਬ ਦਾ ਤਿਆਗ ਕਰੋ। ਬੜੇ ਤੀਰਥਾਂ'ਤੇ ਭੱਜੇ ਫਿਰਦੇ ਹਾਂ ਅਸੀਂ, ਬੜੇ ਥਾਂਈਂ ਜਾਂਦੇ ਹਾਂ, ਬੜੇ ਥਾਂਈਂ ਮਥਾ ਟੇਕਦੇ ਹਾਂ ਪਰ ਸੱਚੇ ਪਾਤਸ਼ਾਹ ਕੀ ਹੁਕਮ ਕਰਦੇ ਨੇ-

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨ ॥

ਜੇ ਤੁਸੀਂ ਜੀਆਂ ਤੇ ਦਇਆ ਕਰਦੇ ਹੋ, ਘਰ ਬੈਠਿਆਂ ਹੀ ਤੁਹਾਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਪੁੰਨ ਪ੍ਰਾਪਤ ਹੋ ਜਾਂਦਾ ਹੈ। ਜੇ ਤੁਸੀਂ ਘਰ ਬੈਠੇ ਹੀ ਨਾਮ ਸਿਮਰਨ ਕਰਦੇ ਹੋ, ਘਰ ਬੈਠੇ ਹੀ ਤੁਹਾਡੇ ਅੰਦਰ ਪਰਮਾਤਮਾ ਆ ਗਿਆ, ਸਾਰੇ ਤੀਰਥ ਤੁਹਾਡੇ ਅੰਦਰ ਹੀ ਆ ਗਏ। ਸਾਰੇ ਗੁਰਦੁਆਰੇ ਤੁਹਾਡੇ ਅੰਦਰ ਹੀ ਆ ਗਏ। ਸਾਨੂੰ ਉਹ ਅਵਸਥਾ ਪ੍ਰਾਪਤ ਹੋਵੇ, ਉਹ ਅਵਸਥਾ ਦੀ ਪ੍ਰਾਪਤੀ ਹੀ ਉਹਦੀ ਕਿਰਪਾ ਨਾਲ ਹੋਣੀ ਹੈ। ਪਰ ਜੇ ਅਸੀਂ ਕਿਸੇ ਸਤਿਗੁਰੂ ਦੇ ਲੜ ਲੱਗੇ ਹਾਂ, ਜੇ ਅਸੀਂ ਗੁਰਬਾਣੀ ਦੇ ਲੜ ਲੱਗੇ ਹਾਂ। ਸਾਡਾ ਇਹ ਫਰਜ਼ ਹੈ ਅਸੀਂ ਉਸ ਰਸਤੇ ਤੇ ਤੁਰੀਏ। ਤੁਸੀਂ ਸਾਰੇ ਆਪਣਾ ਕਾਰ ਵਿਹਾਰ ਕਰਦੇ ਹੋ। ਤੁਹਾਨੂੰ ਕਿੰਨਾ ਪਰੌਫਿਟ ਹੁੰਦਾ ਹੈ, ਇਹ ਤੁਹਾਡੇ ਹੱਥ ਨਹੀਂ ਪਰ ਤੁਸੀਂ ਕੰਮ ਤੇ ਤਾਂ ਜਾਂਦੇ ਹੋ। ਤੁਸੀਂ ਆਪਣਾ ਜੋਰ ਤੇ ਲਾਉਂਦੇ ਹੋ। ਇਸ ਤਰ੍ਹਾਂ ਹੀ ਏਸ ਪਾਸੇ ਵੀ ਤਗੜੇ ਹੋ ਕੇ ਤੁਰੋ। ਸਭ ਤੋਂ ਉੱਪਰ ਹੈ, ਬਖਸ਼ਿਸ਼ ਮੰਗੋ, ਹੇ ਮਾਲਕ, ਹੇ ਸਤਿਗੁਰੂ, ਜਿਸਨੂੰ ਵੀ ਮੰਨਦੇ ਹੋ, ਹੇ ਸਤਿਗੁਰੂ ਨਾਨਕ ਦੇਵ, ਹੇ ਸਤਿਗੁਰੂ ਜਗਜੀਤ ਸਿੰਘ, ਜਿਸ ਤਰ੍ਹਾਂ ਦਾ ਤੈਨੂੰ ਚੰਗਾ ਲੱਗਦਾ ਹੈ, ਮੈਨੂੰ ਉਸ ਤਰ੍ਹਾਂ ਦਾ ਬਣਾ, ਮੈਂ ਤੇਰੀ ਸਿੱਖੀ ਤੇ ਚੱਲ ਸਕਾਂ, ਮੈਂ ਤੇਰੇ ਨਾਮ ਨਾਲ ਜੁੜ ਸਕਾਂ ਕਿਉਂਕਿ ਸੁੱਖ ਨਾਮ ਨਾਲ ਜੁੜਨ ਤੋਂ ਬਿਨਾਂ, ਪਰਮਾਤਮਾ ਨਾਲ ਜੁੜਨ ਤੋਂ ਬਿਨਾਂ ਸੁੱਖ ਨਹੀਂ। ਆਪਾਂ ਇਹ ਸੋਚ ਲੈਂਦੇ ਹਾਂ ਮੈਨੂੰ ਇਹ ਕੰਟਰੈਕਟ ਮਿਲ ਜਾਵੇਗਾ, ਮੇਰਾ ਇਹ ਕੰਮ ਹੋ ਜਾਵੇਗਾ ਤਾਂ ਸੁਖ ਹੋ ਜਾਵੇਗਾ। ਤੁਸੀਂ ਇਹ ਜਾਣਦੇ ਹੋ ਕਿ ਇੱਕ ਕੰਮ ਹੋ ਜਾਂਦਾ ਹੈ ਤੇ ਦੂਸਰਾ ਮਸਲਾ ਅੱਗੇ ਖੜ੍ਹਾ ਹੁੰਦਾ ਹੈ। ਤੁਹਾਡਾ ਬੱਚਾ ਇੱਕ ਕਲਾਸ 'ਚੋਂ ਪਾਸ ਹੋ ਜਾਂਦਾ ਹੈ, ਫਿਰ ਅਗਲੇ ਇਗਜ਼ਾਮ ਦਾ ਫਿਕਰ ਹੁੰਦਾ ਹੈ। ਫਿਕਰ ਸਾਡੇ ਉਦੋਂ ਹੀ ਮੁੱਕਦੇ ਨੇ ਜਦੋਂ ਅਸੀਂ ਉਸ ਪਰਮਾਤਮਾ ਦੇ ਚਰਨਾਂ ਨਾਲ ਜੁੜ ਜਾਈਏ। ਇਹ ਬੜਾ ਸੌਖਾ ਰਸਤਾ ਦੱਸਿਆ ਹੈ ਕਿ ਆਪਾਂ ਪਰਮਾਤਮਾ ਦੇ ਨਾਮ ਨਾਲ ਜੁੜ

ਜਾਈਏ। ਜਦੋਂ ਅਸੀਂ ਨਾਮ ਨਾਲ ਜੁੜਦੇ ਹਾਂ-

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਸਾਡਾ ਮਨ ਆਪੇ ਹੀ ਚੰਗਾ ਬਨਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਅਸੀਂ ਧਿਆਨ ਨਾਲ ਨਾਮ ਜਪੀਏ। ਬਹੁਤ ਕਹਿੰਦੇ ਨੇ ਕਿ ਸਾਡਾ ਮਨ ਨਹੀਂ ਲੱਗਦਾ ਪਰ ਅਸੀਂ ਕੋਸ਼ਿਸ਼ ਤੇ ਕਰੀਏ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਅਕਸਰ ਬਚਨ ਕਰਦੇ ਹਨ ਕਿ ਬਹੁਤ ਵਾਰ ਤੁਸੀਂ ਰੋਟੀ ਖਾਂਦੇ ਹੋ ਪਰ ਤੁਹਾਡਾ ਧਿਆਨ ਨਹੀਂ ਹੁੰਦਾ ਰੋਟੀ ਵਿੱਚ, ਤੁਹਾਨੂੰ ਇਹ ਨਹੀਂ ਪਤਾ ਹੁੰਦਾ ਕਿ ਦਾਲ ਸਬਜ਼ੀ ਸਵਾਦ ਹੈ ਕਿ ਨਹੀਂ ਪਰ ਤੁਹਾਡਾ ਢਿੱਡ ਭਰਦਾ ਹੈ ਕਿ ਨਹੀਂ। ਪਰ ਜੇ ਅਸੀਂ ਉਸ ਪਾਸੇ ਨੂੰ ਤੁਰੀਏ। ਮੈਂ ਵੇਖਿਆ ਹੈ ਕਿ ਤੁਸੀਂ ਏਨਾ ਹੀ ਧਿਆਨ ਕਰ ਲਉ ਕਿ ਸਾਡੀ ਰਸਨਾ ਨਾ ਰੁਕੇ। ਮੈਂ ਜਿਹੜਾ ਨਾਮ ਜਪ ਰਿਹਾ ਹਾਂ, ਮੇਰੇ ਕੰਨਾਂ ਨੂੰ ਸੁਣ ਰਿਹਾ ਹੈ। ਉਹ ਮੇਰੇ ਹਿਰਦੇ ਵਿੱਚੋਂ ਮੇਰੇ ਸਵਾਸ ਦੇ ਨਾਲ ਆ ਰਿਹਾ ਹੈ। ਤਾਂ ਆਪੇ ਹੀ ਮਨ ਲੱਗਣ ਲੱਗ ਜਾਏਗਾ। ਪਰ ਅਸੀਂ ਉਸ ਪਾਸੇ ਤੁਰੀਏ ਤੇ ਸਹੀ। ਅਸੀਂ ਬਖਸ਼ਿਸ਼ ਮੰਗੀਏ, ਅਸੀਂ ਉਸ ਰਸਤੇ ਤੇ ਤੁਰੀਏ। ਇਹ ਸਾਰੀਆਂ ਚੀਜ਼ਾਂ ਮਗਰ ਆ ਜਾਣਗੀਆਂ। ਬੜਾ ਭੱਜ ਲਿਆ ਹੈ, ਬੜਾ ਦੌੜ ਲਿਆ ਹੈ, ਇਹ ਵਿਸ਼ਵਾਸ ਕਰੋ ਕਿ ਮੇਰਾ ਕੀਤਾ ਨਹੀਂ ਹੋਣਾ, ਮੇਰੇ ਪਰਮਾਤਮਾ ਦਾ ਕੀਤਾ ਸਾਰਾ ਕੁਛ ਹੋਣਾ ਹੈ। ਤੁਹਾਡੇ ਵਾਸਤੇ ਵੀ, ਮੇਰੇ ਵਾਸਤੇ ਵੀ ਅਰਦਾਸ ਕਰੋ ਕਿ ਬਖਸ਼ਿਸ਼ ਹੋਵੇ ਸਾਨੂੰ ਸਿੱਖੀ ਮਿਲੇ, ਸਾਡੀ ਵੀ ਉਹ ਅਵਸਥਾ ਹੋਵੇ, ਸਾਡੀਆਂ ਇਛਾਵਾਂ ਮੁੱਕ ਜਾਣ, ਸਾਡੇ ਅੰਦਰ ਪ੍ਰਕਾਸ਼ ਹੋਵੇ। ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ।

ਸਤਿ ਸ੍ਰੀ ਅਕਾਲ।

**.......ਬਾਕੀ ਸਫ਼ਾ 4 ਦੀ** **ਗੁਰਬਾਣੀ ਵਿਚਾਰ**

ਆਪਣੇ ਪਤੀ ਦੀ ਆਗਿਆ ਵਿਚ ਖੁਸ਼ ਰਹਿੰਦੀ ਹੈ, ਉਸੇ ਤਰ੍ਹਾਂ ਗੁਰਮੁਖ ਸਦਾ ਹੀ ਪ੍ਰਭੂ-ਆਗਿਆ ਵਿੱਚ ਪ੍ਰਸੰਨ ਰਹਿੰਦੇ ਹਨ।

ਭਾਈ ਭਿਖਾਰੀ ਜੀ ਨੇ ਗੁਰਸਿੱਖਾਂ ਨੂੰ ਮੁਕਤੀ ਦੇ ਹੇਠ ਲਿਖੇ ਤਿੰਨ ਸਾਧਨ ਦੱਸੇ ਹਨ:-

(1)ਸਰੀਰ ਦਾ ਮਾਣ ਤਿਆਗਣਾ (2)ਪ੍ਰਭੂ ਸਿਮਰਨ ਕਰਨਾ (3)ਹਰੀ ਭਾਣੇ ਵਿਚ ਪ੍ਰਸੰਨ ਰਹਿਣਾ।

ਸਤਿਗੁਰੂ ਰਾਮ ਸਿੰਘ ਜੀ ਨੂੰ ਸਿੱਖਾਂ ਨੇ ਪੁੱਛਿਆ, "ਜੀ ਆਪ ਕਿਸ 'ਤੇ ਰਾਜ਼ੀ ਹੋ?" ਪਾਤਸ਼ਾਹ ਜੀ ਉੱਤਰ ਦਿੱਤਾ, "ਜੋ ਰਜ਼ਾ ਵਿਚ ਰਾਜ਼ੀ ਹੈ।"

ਸਾਡੇ ਸਤਿਗੁਰੂ ਸਾਹਿਬਾਨਾਂ ਨੇ ਗੁਰਬਾਣੀ ਵਿੱਚ ਪ੍ਰਮਾਣ ਦੇ ਕੇ ਸਾਨੂੰ ਗੁਰੂ-ਪਰਮੇਸ਼ਰ ਦੇ ਹੁਕਮ ਵਿੱਚ ਰਹਿਣ ਦੀ ਤਾਕੀਦ ਕੀਤੀ ਹੈ।

-ਜੇ ਤਖਤਿ ਬੈਸਾਲਹਿ ਤਉ ਦਾਸ ਤੁਮਾਰੇ ਘਾਸੁ ਬਢਾਵਹਿ ਕੇਤਕ ਬੋਲਾ॥<br>
-ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥<br>
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥<br>
-ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥<br>
- ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥

ਜਿਵੇਂ ਸਰਕਾਰ ਹੁਕਮ ਮੰਨਣ ਵਾਲੀ ਪਰਜਾ 'ਤੇ, ਮਾਲਕ ਇਸ਼ਾਰਾ ਸਮਝਣ ਵਾਲੇ ਸੇਵਕ 'ਤੇ, ਮਾਤਾ-ਪਿਤਾ ਆਗਿਆਕਾਰੀ ਸੰਤਾਨ 'ਤੇ, ਪਤੀ ਬਚਨ ਮੰਨਣ ਵਾਲੀ ਪਤਨੀ 'ਤੇ ਸਦਾ ਖੁਸ਼ ਰਹਿੰਦਾ ਹੈ ਉਸੇ ਤਰ੍ਹਾਂ ਗੁਰੂ-ਪਿਤਾ ਵੀ, '**ਜੋ ਤੁਧੁ ਭਾਵੈ ਸਾਈ ਭਲੀ ਕਾਰ**' ਮੰਨਣ ਵਾਲੇ ਸਿੱਖਾਂ 'ਤੇ ਸਦਾ ਖੁਸ਼ ਰਹਿੰਦੇ ਹਨ ਅਤੇ ਉਹਨਾਂ ਨੂੰ ਆਪਣੇ ਵਿੱਚ ਅਭੇਦ ਕਰ ਲੈਂਦੇ ਹਨ।

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਨਾ ਮਰਿਯਾਦਾ ਵਿੱਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ।**

**ਸਤਿਜੁਗ ਆਪ ਪੜ੍ਹੋ ਤੇ ਬੱਚਿਆਂ ਨੂੰ ਪੜ੍ਹਾਓ।**

# ਰੌਲਟ ਐਕਟ ਅਤੇ ਜਲ੍ਹਿਆਂਵਾਲੇ ਬਾਗ ਦਾ ਸਾਕਾ

- ਨਿਸ਼ਾਨ ਸਿੰਘ, ਸ੍ਰੀ ਭੈਣੀ ਸਾਹਿਬ

1857ਈ. ਦੇ ਗ਼ਦਰ ਦੇ ਫੇਲ੍ਹ ਹੋਣ ਤੋਂ ਬਾਅਦ ਪੂਰੇ ਹਿੰਦੁਸਤਾਨ ਵਿੱਚ ਜੇ ਕੋਈ ਸ੍ਵੈ-ਰਾਜ ਦੀ ਗੱਲ ਕਰਨ ਵਾਲਾ ਸੀ ਤਾਂ ਉਹ ਸਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦਾ ਸਾਜਿਆ ਨਿਵਾਜਿਆ 'ਸੰਤ ਖਾਲਸਾ'। ਜਿਹੜੀ ਜਾਗ੍ਰਿਤੀ ਆਮ ਜਨਤਾ ਦੇ ਅੰਦਰ ਕੂਕੇ ਸੂਰਬੀਰਾਂ ਦੀ ਕੁਰਬਾਨੀ ਨੇ ਪੈਦਾ ਕੀਤੀ ਸੀ, ਉਸ ਨੂੰ ਲੋਕ ਮਨਾਂ ਵਿੱਚੋਂ ਕੱਢਣ ਦਾ ਯਤਨ ਕੁਝ ਸਰਕਾਰ ਪੱਖੀ ਜਥੇਬੰਦੀਆਂ ਨੇ ਕੀਤਾ। ਇਸ ਤਰ੍ਹਾਂ 1872ਈ. ਤੋਂ ਬਾਅਦ 1907ਈ. ਵਿੱਚ ਉੱਭਰਨ ਵਾਲੀ 'ਪਗੜੀ ਸੰਭਾਲ ਜੱਟਾ' ਲਹਿਰ ਤੱਕ ਕੋਈ ਵੀ ਸਰਕਾਰ ਵਿਰੋਧੀ ਲਹਿਰ ਤਿਆਰ ਨਾ ਹੋ ਸਕੀ। 1907ਈ. ਤੋਂ ਬਾਅਦ 1912-13 ਈ. ਵਿਚ ਵਿਦੇਸ਼ੀ ਧਰਤੀ 'ਤੇ ਸੰਗਠਿਤ ਹੋ ਕੌਮੀ ਲਹਿਰ ਹੋਈ ਗ਼ਦਰ ਲਹਿਰ ਦੇ ਨਾਂ ਨਾਲ ਜਾਣੀ ਜਾਂਦੀ ਹੈ। ਵਿਦੇਸ਼ਾਂ ਵਿੱਚ ਭਾਰਤੀਆਂ ਦੇ ਹੋ ਰਹੇ ਤ੍ਰਿਸਕਾਰ ਨੂੰ ਮਹਿਸੂਸ ਕਰਕੇ ਗ਼ਦਰੀ ਬਾਬਿਆਂ ਨੇ ਆਪਣੀਆਂ ਸੁੱਖ-ਸਹੂਲਤਾਂ ਅਤੇ ਕਾਰੋਬਾਰ ਨੂੰ ਤਿਲਾਂਜਲੀ ਦੇ ਕੇ ਆਪਣੇ ਆਪ ਨੂੰ ਦੇਸ਼ ਅਜ਼ਾਦੀ ਦੇ ਹੋਮ ਯੱਗ ਵਿਚ ਹੋਮਿਤ ਕਰਨ ਦਾ ਬੀੜਾ ਚੁੱਕਿਆ ਸੀ। ਇਨ੍ਹਾਂ ਹੀ ਸਾਲਾਂ ਦੌਰਾਨ ਇੱਕ ਵਿਸ਼ਵ-ਵਿਆਪੀ ਯੁੱਧ ਸ਼ੁਰੂ ਹੋ ਗਿਆ, ਜਿਸਨੂੰ ਉਸ ਵਿਚ ਸ਼ਾਮਿਲ ਦੇਸ਼ਾਂ ਦੀ ਗਿਣਤੀ, ਯੁੱਧ ਭੂਮੀ ਦੇ ਵਿਸ਼ਾਲ ਖੇਤਰਫਲ ਅਤੇ ਉਸ ਦੇ ਨਾਲ ਹੋਏ ਨੁਕਸਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪਹਿਲੇ ਵਿਸ਼ਵ ਯੁੱਧ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। 28 ਜੁਲਾਈ 1914ਈ. ਵਿਚ ਸ਼ੁਰੂ ਹੋਏ ਇਸ ਜੰਗ ਵਿਚ ਜੋ ਦੇਸ਼-ਸਮੂਹ ਸ਼ਾਮਿਲ ਹਨ। ਇਕ ਪਾਸੇ ਬ੍ਰਿਟੇਨ, ਰੂਸ, ਅਮਰੀਕਾ, ਫਰਾਂਸ, ਇਟਲੀ ਅਤੇ ਉਹਨਾਂ ਦੇ ਸਾਥੀ ਦੇਸ਼ ਸਨ ਅਤੇ ਦੂਜੇ ਗਰੁੱਪ ਵਿੱਚ ਆਸਟਰੀਆ, ਹੰਗਰੀ, ਜਰਮਨੀ, ਖਿਲਾਫ਼ਤ-ਉਸਮਾਨੀਆ, ਬਲਗਾਰੀਆ ਅਤੇ ਕੁਝ ਹੋਰ ਸਾਥੀ ਦੇਸ਼ ਸਨ। ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਜਰਮਨੀ ਨੇ ਹਿੰਦੋਸਤਾਨ ਵਿਚ ਬ੍ਰਿਟਿਸ਼ ਸਰਕਾਰ ਦੇ ਖਿਲਾਫ਼ ਮਾਹੌਲ ਸਿਰਜਨ ਦੀ ਕੋਸ਼ਿਸ਼ ਕੀਤੀ। ਕੁਝ ਜਾਗ੍ਰਿਤ ਭਾਰਤੀ ਲੋਕ ਇਹ ਸੋਚਦੇ ਸਨ ਕਿ ਜਦੋਂ ਬ੍ਰਿਟੇਨ ਜੰਗ ਵਿੱਚ ਰੁੱਝ ਜਾਵੇ, ਉਸ ਵੇਲੇ ਅੰਗਰੇਜ਼ਾਂ ਖਿਲਾਫ਼ ਅੰਦੋਲਨ ਵਿੱਢ ਦਿੱਤਾ ਜਾਵੇ ਅਤੇ ਸਰਕਾਰ ਦੇ ਪੈਰ ਹਿੰਦੁਸਤਾਨ ਵਿੱਚੋਂ ਉਖਾੜ ਸੁੱਟੇ ਜਾਣ। ਪਰ 1885 ਈਸਵੀ ਵਿਚ ਹੋਂਦ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ (ਜੋ ਬਾਅਦ ਵਿਚ ਕਾਂਗਰਸ ਪਾਰਟੀ ਦੇ ਨਾਂ ਨਾਲ ਮਸ਼ਹੂਰ ਹੋਈ) ਦੇ ਨੇਤਾਵਾਂ ਦੀ ਰਾਇ ਇਸ ਤੋਂ ਉਲਟ ਸੀ, ਉਹ ਚਾਹੁੰਦੇ ਸਨ ਕਿ ਹੁਣ ਅੰਗ੍ਰੇਜ਼ੀ ਸਰਕਾਰ ਜਦੋਂ ਮੁਸ਼ਕਿਲ ਵਿੱਚ ਫਸੀ ਹੋਈ ਹੈ, ਉਸ ਵੇਲੇ ਉਸ ਦੀ ਮਦਦ ਕੀਤੀ ਜਾਵੇ ਅਤੇ ਯੁੱਧ ਜਿੱਤਣ ਤੋਂ ਬਾਅਦ ਸਾਡੀ ਮਦਦ ਦੇ ਇਵਜ਼ਾਨੇ ਵਿਚ ਸਰਕਾਰ ਅਵੱਲ ਤਾਂ ਸਾਨੂੰ ਅਜ਼ਾਦ ਕਰ ਦੇਵੇਗੀ। ਜੇ ਅਜਿਹਾ ਨਾ ਹੋਇਆ ਤਾਂ ਭਾਰਤੀਆਂ ਨੂੰ ਵੱਧ ਰਾਜਨੀਤਕ ਅਧਿਕਾਰ ਦੇ ਦੇਵੇਗੀ। ਇਸ ਤਰ੍ਹਾਂ ਗਾਂਧੀ ਜੀ ਦੀ ਅਗਵਾਈ ਵਿੱਚ ਕਾਂਗਰਸ ਨੇ ਅੰਗਰੇਜ਼ੀ ਸਰਕਾਰ ਦੀ ਜਨ ਅਤੇ ਧਨ (ਫੌਜ਼ੀ ਭਰਤੀ ਅਤੇ ਸਮੱਗ੍ਰੀ) ਨਾਲ ਵੱਡੀ ਮਦਦ ਕੀਤੀ। ਇਸ ਵਿਚ ਰਿਆਸਤੀ ਰਾਜੇ ਵੀ ਪਿੱਛੇ ਨਾ ਰਹੇ। ਇਹ ਯੁੱਧ 11 ਨਵੰਬਰ 1918ਈ. ਨੂੰ ਸਮਾਪਤ ਹੋਇਆ। ਇਸ ਜੰਗ ਵਿੱਚ ਅੱਠ ਲੱਖ ਭਾਰਤੀਆਂ ਨੇ ਬ੍ਰਿਟੇਨ ਦੇ ਪੱਖ ਵਿਚ ਹਿੱਸਾ ਲਿਆ। ਜਿਸ ਵਿੱਚ 48000 ਭਾਰਤੀ ਫ਼ੌਜੀ ਮਾਰੇ ਗਏ ਅਤੇ 65000 ਦੇ ਕਰੀਬ ਜ਼ਖ਼ਮੀ ਹੋਏ। ਇਸ ਵਿੱਚ ਬ੍ਰਿਟੇਨ ਗਰੁੱਪ ਦੇ 5525000 ਅਤੇ ਜਰਮਨੀ ਗਰੁੱਪ ਦੇ 438600 ਫ਼ੌਜੀ ਮਾਰੇ ਗਏ। ਕਰੀਬ 600000 ਲੱਖ ਸਿਵਲੀਅਨਾਂ ਦਾ ਘਾਣ ਹੋਇਆ। ਜ਼ਖ਼ਮੀ ਹੋਣ ਵਾਲਿਆਂ ਦੀ ਕੁੱਲ ਗਿਣਤੀ ਦੋ ਕਰੋੜ ਦਾ ਅੰਕੜਾ ਪਾਰ ਕਰ ਗਈ। ਬੀਮਾਰੀਆਂ ਅਤੇ ਭੁੱਖ ਮਰੀ ਨੇ ਵੀ ਮਨੁੱਖਤਾ ਦੇ ਵਿਕਾਸ ਵਿੱਚ ਆਪਣਾ ਹਿੱਸਾ ਪਾਇਆ।

ਭਾਰਤੀ ਸਿਪਾਹੀ ਫ੍ਰਾਂਸ, ਬੈਲਜ਼ੀਅਮ, ਅਰਬ, ਪੂਰਬੀ ਅਫ਼ਰੀਕਾ, ਮਿਸ਼ਰ, ਫਿਲਸਤੀਨ ਆਦਿ ਦੇਸ਼ਾਂ ਵਿੱਚ ਜਾਨ ਹੀਲ ਕੇ ਲੜੇ। ਭਾਰਤ ਦੀ ਆਰਥਿਕ ਵਿਵਸਥਾ ਦੀਵਾਲੀਆ-ਪਣ ਦੇ ਕੰਢੇ ਪਹੁੰਚ ਗਈ। ਸਰਕਾਰੀ ਅੰਕੜਿਆਂ ਅਨੁਸਾਰ ਮਹਿੰਗਾਈ ਵਿੱਚ 93% ਤੱਕ ਰਿਕਾਰਡ ਵਾਧਾ ਹੋ ਗਿਆ। ਗਰੀਬ ਅਤੇ ਮੱਧ-ਵਰਗੀ ਲੋਕਾਂ ਦਾ ਜੀਊਣਾ ਮੁਸ਼ਕਿਲ ਹੋ ਗਿਆ। ਵਪਾਰੀ ਲੋਕ ਮਨ ਮਰਜ਼ੀ ਦੀਆਂ ਕੀਮਤਾਂ'ਤੇ ਆਪਣੀਆਂ ਵਸਤਾਂ ਵੇਚ ਰਹੇ ਸਨ। ਜਨਤਾ ਗਰੀਬੀ ਦੀ ਚੱਕੀ ਵਿੱਚ ਪਿਸ ਰਹੀ ਸੀ। ਸਰਕਾਰ ਵਪਾਰੀਆਂ ਉੱਤੇ excess profit tax ਲਾ ਕੇ ਅਥਾਹ ਧਨ ਕਮਾ ਰਹੀ ਸੀ। ਅਮੀਰ ਗਰੀਬ ਦਾ ਪਾੜਾ ਬਹੁਤ ਜਲਦੀ ਵਧਿਆ। ਉਧਰੋਂ ਕਾਮਾਗਾਟੂਮਾਰੂ ਵਰਗੀਆਂ ਘਟਨਾਵਾਂ ਨੇ ਲੋਕਾਂ ਦੇ ਦਿਲ ਵਲੂੰਧਰੇ ਹੋਏ ਸਨ। ਇੱਕ ਪਾਸੇ ਭੁੱਖ ਮਰੀ ਦੀ ਮਾਰ ਅਤੇ ਦੂਜੇ ਪਾਸੇ ਸਰਕਾਰ ਦੀ ਬਦਨੀਤੀ ਨੂੰ ਮਹਿਸੂਸ ਕਰਕੇ ਲੋਕਾਂ ਦੇ ਸਬਰ ਦਾ ਬੰਨ੍ਹ ਟੁੱਟ ਚੁੱਕਾ ਸੀ। ਪਰ ਭਾਰਤੀਆਂ ਨੂੰ ਜੋ ਇੱਕੋ ਇੱਕ ਆਸ ਸੀ ਅੰਗ੍ਰੇਜ਼ੀ ਸਰਕਾਰ ਦੀ ਕੀਤੀ ਮਦਦ ਦਾ ਇਵਜ਼ਾਨਾ ਮਿਲਣ ਦੀ, ਉਹ ਵੀ ਟੁੱਟਦੀ ਜਾਪੀ। ਦੂਜੇ ਪਾਸੇ ਸਰਕਾਰ ਨੇ ਆਪਣੀ ਬਦਨੀਤੀ ਦਾ ਸਦਕਾ ਖੜ੍ਹੀ ਹੋਣ ਵਾਲੀ ਬਗ਼ਾਵਤ ਬਾਰੇ ਪਹਿਲਾਂ ਹੀ ਸੋਚ ਰੱਖਿਆ ਸੀ। ਭਾਰਤ ਵਿੱਚ ਉੱਭਰਨ ਵਾਲੇ ਕੌਮੀ ਅੰਦੋਲਨ ਨੂੰ ਮੱਦੇ-ਨਜ਼ਰ ਰੱਖਦਿਆਂ ਇੰਗਲੈਂਡ ਦੀ ਹਾਈ ਕੋਰਟ ਦੇ ਜੱਜ ਸਰ ਸਿਡਨੀ ਆਰਥਰ ਟੇਲਰ ਰੌਲਟ ਦੀ ਪ੍ਰਧਾਨਗੀ ਵਿੱਚ 10 ਦਿਸੰਬਰ 1917ਈ. ਨੂੰ ਇਕ ਕਮੇਟੀ ਬਣਾ ਦਿੱਤੀ, ਜਿਸ ਨੂੰ ਰੌਲਟ ਕਮੇਟੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਮੇਟੀ ਨੇ ਕਰੀਬ ਚਾਰ ਮਹੀਨੇ ਤੱਕ ਜਾਂਚ ਪੜਤਾਲ ਕੀਤੀ, ਪਰ ਭਾਰਤੀਆਂ ਦੁਆਰਾ ਕੀਤੇ ਜਾਂਦੇ ਛੋਟੇ ਮੋਟੇ ਅੰਦੋਲਨਾਂ ਨੂੰ ਵੀ ਬੜੇ ਵੱਡੇ ਰੂਪ ਵਿਚ ਪੇਸ਼ ਕੀਤਾ। ਕਮੇਟੀ ਨੇ ਆਪਣੀ ਰਿਪੋਰਟ 15 ਅਪ੍ਰੈਲ 1918ਈ. ਨੂੰ ਆਪਣੀ ਰਿਪੋਰਟ ਵਧਾ ਚੜ੍ਹਾ ਕੇ ਪੇਸ਼ ਕੀਤੀ। ਇਹ ਰਿਪੋਰਟ ਭਾਰਤ ਵਿਚ ਉਸੇ ਦਿਨ

ਪ੍ਰਕਾਸ਼ਿਤ ਕਰ ਦਿੱਤੀ ਗਈ। ਇਸ ਰਿਪੋਰਟ ਨੂੰ ਰੌਲਟ ਕਮੇਟੀ ਦੀ ਰਿਪੋਰਟ ਆਖਿਆ ਗਿਆ। ਇਸ ਰਿਪੋਰਟ ਵਿੱਚ ਕੁਝ ਸਖ਼ਤ ਕਾਨੂੰਨਾਂ ਦੀ ਸ਼ਿਫਾਰਿਸ਼ ਕੀਤੀ ਗਈ ਸੀ।

(1) ਕ੍ਰਾਂਤੀਕਾਰੀਆਂ ਦੇ ਸਾਰੇ ਮੁਕੱਦਮੇ ਹਾਈ ਕੋਰਟ ਦੇ ਤਿੰਨ ਜੱਜਾਂ ਦਾ ਪੈਨਲ ਸੁਣੇਗਾ। ਕੋਈ ਵੀ ਅਜਿਹਾ ਕੇਸ ਹੇਠਲੀ ਅਦਾਲਤ ਵਿਚ ਸੁਣਵਾਈ ਅਧੀਨ ਨਹੀਂ ਹੋਵੇਗਾ। ਇਸ ਤਰ੍ਹਾਂ ਅਪੀਲ ਦੀ ਗੁੰਜਾਇਸ਼ ਵੀ ਖ਼ਤਮ ਕਰ ਦਿੱਤੀ ਗਈ।

(2) ਕਿਸੇ ਵੀ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਦੀ ਜ਼ਮਾਨਤ ਲਈ ਜਾ ਸਕਦੀ ਹੈ । ਬਿਨਾਂ ਕਿਸੇ ਅਦਾਲਤ ਵਿੱਚ ਮੁਕੱਦਮਾ ਚਲਾਏ 2 ਸਾਲ ਤੱਕ ਜੇਲ੍ਹ ਵਿਚ ਰਖਿਆ ਜਾ ਸਕਦਾ ਸੀ।

(3) ਉਸ ਦੇ ਖਿਲਾਫ ਸ਼ੱਕੀ ਕਰਨ ਵਾਲੇ ਵਿਅਕਤੀ ਦਾ ਨਾਂ ਗੁਪਤ ਰੱਖਿਆ ਜਾਵੇਗਾ ਅਤੇ ਦੰਡ ਭੁਗਤਨ ਵਾਲੇ ਆਦਮੀ ਨੂੰ ਸ਼ਿਕਾਇਤ ਕਰਤਾ ਬਾਰੇ ਜਾਣਕਾਰੀ ਲੈਣ ਦਾ ਕੋਈ ਹੱਕ ਨਹੀਂ ਹੋਵੇਗਾ।

(4) ਗ਼ੈਰ-ਕਾਨੂੰਨੀ ਸਮੱਗ੍ਰੀ ਦਾ ਪ੍ਰਕਾਸ਼ਨ ਕਰਨ, ਕੋਲ ਰੱਖਣਾ ਜਾਂ ਉਸਨੂੰ ਵੰਡਣਾ ਕਨੂੰਨੀ ਅਪਰਾਧ ਮੰਨਿਆ ਜਾਵੇਗਾ। ਇਸ ਤਰ੍ਹਾਂ ਸਰਕਾਰ ਨੇ ਅਸਿੱਧੇ ਰੂਪ ਵਿਚ ਅਖ਼ਬਾਰਾਂ 'ਤੇ ਵੀ ਪਾਬੰਦੀ ਲਾ ਦਿੱਤੀ।

ਇਸ ਬਿੱਲ ਦਾ ਕੌਂਸਲ ਅੰਦਰ ਅਤੇ ਬਾਹਰ ਸਖ਼ਤ ਵਿਰੋਧ ਹੋਇਆ। ਦੇਸ਼ ਵਿਚ ਬੇਚੈਨੀ ਪੈਦਾ ਹੋ ਗਈ। ਅਖ਼ਬਾਰਾਂ ਦੁਆਰਾ ਵੀ ਇਸ ਰਿਪੋਰਟ ਦਾ ਵੱਡਾ ਵਿਰੋਧ ਹੋਇਆ। ਪੰਡਤ ਮਦਨ ਮੋਹਨ ਮਾਲਵੀਆ, ਸ੍ਰੀ ਵਿਠੁਲ ਭਾਈ ਪਟੇਲ, ਮਜਰੁਲ ਹੱਕ ਆਦਿ ਨੇਤਾਵਾਂ ਨੇ ਸਰਕਾਰ ਨੂੰ ਸਮਝਾਉਣ ਦਾ ਬਹੁਤ ਯਤਨ ਕੀਤਾ, ਪਰ ਸਰਕਾਰ ਦੇ ਕੰਨਾਂ 'ਤੇ ਕੋਈ ਜੂੰ ਨਾ ਸਰਕੀ। ਸਰਕਾਰ ਦਾ ਤਰਕ ਸੀ ਕਿ ਇਸ ਬਿੱਲ ਦਾ ਮਨੋਰਥ ਕਿਸੇ ਰਾਜਸੀ ਅੰਦੋਲਨ ਉਪਰ ਸਖ਼ਤੀ ਕਰਨਾ ਨਹੀਂ, ਸਗੋਂ ਦੇਸ਼ ਨੂੰ ਅੱਤਵਾਦ ਤੋਂ ਬਚਾਉਣਾ ਹੈ, ਪਰ ਦੇਸ਼ ਹੁਣ ਜਾਗ੍ਰਿਤ ਹੋ ਚੁੱਕਾ ਸੀ।

ਕਾਂਗਰਸ ਨੇ ਇਸ ਬਿੱਲ ਦਾ ਸਖ਼ਤ ਵਿਰੋਧ ਕੀਤਾ, ਪਰ ਸਰਕਾਰ ਆਪਣੀਆਂ ਮਨ-ਮਾਨੀਆਂ ਉੱਤੇ ਤੁਲੀ ਹੋਈ ਸੀ। ਇਸ ਤਰ੍ਹਾਂ ਰੌਲੇ-ਰੱਪੇ ਵਿਚ ਸਰਕਾਰਾਂ ਨੇ 18 ਮਾਰਚ 1919ਈ. ਨੂੰ ਇਹ ਬਿੱਲ ਪਾਸ ਕਰ ਦਿੱਤਾ। ਮਹਾਤਮਾ ਗਾਂਧੀ ਨੇ ਰੌਲਟ ਐਕਟ ਦੇ ਖਿਲਾਫ਼ 24 ਫਰਵਰੀ 1919 ਈਸਵੀ ਨੂੰ ਸਤਿਆ-ਗ੍ਰਹਿ ਸਭਾ ਦੀ ਸਥਾਪਨਾ ਕੀਤੀ। ਇਸ ਦੌਰਾਨ ਗਾਂਧੀ ਜੀ ਨੇ ਇਹ ਸ਼ਬਦ ਕਹੇ ਸਨ, "ਮੇਰਾ ਵਿਸ਼ਵਾਸ਼ ਹੈ ਕਿ ਅਸੀਂ ਆਜ਼ਾਦੀ ਕੇਵਲ ਸੰਘਰਸ਼ ਦੁਆਰਾ ਹੀ ਪ੍ਰਾਪਤ ਕਰ ਸਕਦੇ ਹਾਂ, ਅੰਗਰੇਜ਼ ਦੁਆਰਾ ਕੀਤੇ ਗਏ ਸੁਧਾਰਾਂ ਰਾਹੀਂ ਨਹੀਂ। ਇਸ ਦਮਨਕਾਰੀ ਐਕਟ ਦੇ ਵਿਰੋਧ ਵਿੱਚ ਥਾਂ-ਥਾਂ ਰੋਸ ਮੁਜ਼ਾਹਰੇ ਹੋਣ ਲੱਗੇ। ਪੰਜਾਬ ਦੇ ਅਣਖੀ ਲੋਕ ਇਸ ਵਿਚ ਮੋਹਰੀ ਰੋਲ ਅਦਾ ਕਰ ਰਹੇ ਸਨ।

ਇਸ ਸੰਦਰਭ ਵਿਚ 10 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਪੰਜਾਬ ਕਾਂਗਰਸ ਦਾ ਆਗੂ ਡਾ: ਸੱਤਪਾਲ ਸਿੰਘ ਅਤੇ ਸੈਫੂਦੀਨ ਕਿਚਲੂ ਨੂੰ ਗ੍ਰਿਫਤਾਰ ਕਰ ਲਿਆ। ਲੋਕਾਂ ਵਿਚ ਬਦਲੇ ਦੀ ਅਗਨੀ ਹੋਰ ਭੜਕ ਉੱਠੀ। ਅੰਮ੍ਰਿਤਸਰ ਸ਼ਹਿਰ ਦੇ ਪਤਵੰਤੇ ਜਦ ਇਸ ਸੰਬੰਧ ਵਿਚ ਰੋਸ ਪ੍ਰਗਟ ਕਰਨ ਲਈ ਗਾਂਧੀ ਜੀ ਵੱਲੋਂ 6 ਅਪ੍ਰੈਲ ਨੂੰ ਰਾਸ਼ਟਰ-ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ। ਇਸ ਦੌਰਾਨ ਦਿੱਲੀ, ਅਹਿਮਦਾਬਾਦ, ਬੰਬੇ ਆਦਿ ਸ਼ਹਿਰਾਂ ਵਿੱਚ ਹਿੰਸਾ ਅਤੇ ਸਾੜ-ਫੂਕ ਦੀਆਂ ਵਾਰਦਾਤਾਂ ਵੀ ਹੋਈਆਂ। ਡੀ.ਸੀ. ਦਫਤਰ ਵਿਚ ਗਏ ਤਾਂ ਉਨ੍ਹਾਂ ਦੇ ਉੱਪਰ ਗੋਲੀ ਚਲਾ ਦਿੱਤੀ ਗਈ।ਜਨਤਾ ਦਾ ਵਧਦਾ ਗੁੱਸਾ ਵੇਖ ਕੇ ਸ਼ਹਿਰ ਵਿਚ ਮਾਰਸ਼ਲ ਲਾਅ ਲਾ ਦਿੱਤਾ ਗਿਆ।

13 ਅਪ੍ਰੈਲ ਨੂੰ ਵਿਸਾਖੀ ਦਾ ਪਵਿੱਤਰ ਦਿਹਾੜਾ ਸੀ। ਬਹੁਤ ਸਾਰੇ ਲੋਕ ਅੰਮ੍ਰਿਤਸਰ ਸਰੋਵਰ ਵਿੱਚ ਇਸ਼ਨਾਨ ਕਰਨ ਅਤੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਪਹੁੰਚੇ ਹੋਏ ਸਨ। ਉੱਥੇ ਦਰਬਾਰ ਸਾਹਿਬ ਦੇ ਨਾਲ ਹੀ ਇਕ ਵਿਹਲੀ ਜਗ੍ਹਾ ਉੱਤੇ, ਜਿਸ ਨੂੰ ਜਲ੍ਹਿਆਂ ਵਾਲਾ ਬਾਗ਼ ਕਿਹਾ ਜਾਂਦਾ ਸੀ, ਲੋਕ ਬ੍ਰਿਟਿਸ਼ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਵਿਰੁੱਧ ਆਪਣੇ ਰੋਸ ਦਾ ਪ੍ਰਗਟਾਵਾ ਕਰਨ ਲਈ ਇਕੱਠੇ ਹੋਣੇ ਸ਼ੁਰੂ ਹੋ ਗਏ। ਇੱਕ ਰੋੜਿਆਂ ਦੇ ਢੇਰ ਉੱਤੇ ਖੜੋ ਕੇ ਆਗੂ ਭਾਸ਼ਣ ਦੇਣ ਲੱਗੇ, ਇਨੇ ਚਿਰ ਨੂੰ ਬ੍ਰਿਗੇਡੀਅਰ ਜਨਰਲ ਰੇਜੀਨਾਲਡ ਡਾਇਰ ਮਸ਼ੀਨ ਗੰਨਾਂ ਅਤੇ ਬੰਦੂਕਾਂ ਨਾਲ ਲੈਸ 90 ਕੁ ਸੈਨਿਕਾਂ ਸਮੇਤ ਉੱਥੇ ਜਾ ਪਹੁੰਚਿਆ। ਜਲ੍ਹਿਆਂ ਵਾਲੇ ਬਾਗ ਵਿਚ ਆਉਣ ਜਾਣ ਦਾ ਕੇਵਲ ਇੱਕ ਹੀ ਸੌੜਾ ਜਿਹਾ ਰਸਤਾ ਸੀ। ਉਸ ਰਸਤੇ ਨੂੰ ਡਾਇਰ ਦੇ ਸਿਪਾਹੀਆਂ ਨੇ ਰੋਕ ਲਿਆ ਸੀ। ਤਤਛਿਣ ਜ਼ਾਲਿਮ ਡਾਇਰ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। 10 ਮਿੰਟਾਂ ਵਿਚ 1650 ਗੋਲੀਆਂ ਚੱਲੀਆਂ। ਚਾਰ ਚੁਫੇਰੇ ਘਰ ਸਨ। ਨਿਕਲਣ ਅਤੇ ਦੌੜਨ ਵਾਸਤੇ ਕੋਈ ਵੀ ਰਸਤਾ ਨਹੀਂ ਸੀ। ਲੋਕ ਜਾਨਾਂ ਬਚਾਉਣ ਲਈ ਏਧਰ ਓਧਰ ਦੌੜਨ ਲੱਗੇ। ਉੱਥੇ ਇੱਕ ਖੂਹ ਸੀ, ਜੋ ਅੱਜ ਵੀ ਮੌਜੂਦ ਹੈ, ਜਿਸ ਵਿੱਚ ਲੋਕਾਂ ਨੇ ਜੀਅ ਭਿਆਣੇ ਛਾਲਾਂ ਮਾਰ ਦਿੱਤੀਆਂ। ਬਾਅਦ ਵਿੱਚ ਕੇਵਲ ਖੂਹ ਵਿੱਚੋਂ ਹੀ 120 ਲਾਸ਼ਾਂ ਨਿਕਲੀਆਂ ਸਨ ।

ਲਹੂ ਦੇ ਛੱਪੜ ਲੱਗ ਗਏ। ਬੜਾ ਦਰਦਨਾਕ ਮੰਜ਼ਰ ਸੀ। (ਸ਼ਹੀਦ) ਸ੍ਰ. ਊਧਮ ਸਿੰਘ ਨੇ ਆਪਣੇ ਭਰਾਵਾਂ ਨੂੰ ਖ਼ੂਨ ਵਿਚ ਤੜਪਦੇ ਵੇਖਿਆ ਸੀ। ਭਾਰਤ ਮਾਂ ਦੀ ਛਾਤੀ ਛੱਲਣੀ-ਛੱਲਣੀ ਹੁੰਦੀ ਤੱਕ ਕੇ ਇਸ 20 ਸਾਲਾ ਨੌਜਵਾਨ ਦਾ ਦਿਲ ਤੜਪ ਉੱਠਿਆ। ਯਾਦ ਰਹੇ ਕਿ ਮਾਰਸ਼ਲ ਲਾਅ ਲੱਗਾ ਹੋਣ ਕਰਕੇ ਵੀ ਬਹੁਤ ਸਾਰੇ ਲੋਕ ਇਲਾਜ ਖੁਣੋਂ ਹੀ ਮਰ ਰਹੇ ਸਨ। ਊਧਮ ਸਿੰਘ ਨੇ ਇਸ ਕਤਲਗਾਹ ਦੀ ਮਿੱਟੀ ਚੁੱਕ ਕੇ ਆਪਣੇ ਮੱਥੇ ਨਾਲ ਲਾ ਕੇ ਇਸ ਕਤਲੇਆਮ ਦਾ ਬਦਲਾ ਲੈਣ ਲਈ ਸਹੁੰ ਚੁੱਕੀ, ਜਿਸ ਨੂੰ ਉਸ ਨੇ ਕੈਕਸਟਨ ਹਾਲ, ਲੰਡਨ ਵਿੱਚ 21 ਸਾਲ ਬਾਅਦ ਸਰ ਮਾਇਕਲ ਉਡਵਾਇਰ ਨੂੰ ਮਾਰ ਕੇ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦਾ ਬਦਲਾ ਲੈ ਕੇ ਪੂਰਾ ਕੀਤਾ। 31 ਜੁਲਾਈ 1940 ਨੂੰ ਊਧਮ ਸਿੰਘ ਆਪਣੇ ਪਿਆਰੇ ਵਤਨ ਦੀ ਖ਼ਾਤਿਰ ਫਾਂਸੀ ਉੱਤੇ ਚੜ੍ਹ ਕੇ ਜਾਮੇ ਸ਼ਹਾਦਤ ਪੀ ਗਿਆ। ਉਸ ਮਹਾਨ ਸ਼ਹੀਦ ਦੇ 79ਵੇਂ ਸ਼ਹੀਦੀ ਦਿਹਾੜੇ ਉੱਤੇ ਕਰੋੜਾਂ ਵਾਰ ਨਮਸਕਾਰ ਕਰਦੇ ਹਾਂ। **ਬਾਕੀ ਸਫ਼ਾ 18 'ਤੇ..........**

# ਇੱਕ ਆਦਰਸ਼ਕ ਮਨੁੱਖ : ਸ਼ਹੀਦ ਊਧਮ ਸਿੰਘ (ਰਾਮ ਮੁਹੰਮਦ ਸਿੰਘ ਆਜ਼ਾਦ)

-ਜਸਵੰਤ ਸਿੰਘ ਮਸਤ

ਰਾਮ ਮੁਹੰਮਦ ਸਿੰਘ ਆਜ਼ਾਦ ਬਾਰੇ ਪੜ੍ਹਦਿਆਂ ਪਾਠਕਾਂ ਦੇ ਅੰਦਰ ਵਾਰ-ਵਾਰ ਹੈਰਾਨੀ ਦੇ ਭਾਵ ਪ੍ਰਗਟ ਹੁੰਦੇ ਹਨ ਜੋ ਕਿ ਸੁਭਾਵਿਕ ਹੈ ਕਿਉਂਕਿ ਉਹ ਆਪਣੇ ਅੰਦਰ ਅਜਿਹੇ ਅਨੇਕਾਂ ਗੁਣ ਸਮੋਈ ਬੈਠਾ ਹੈ। ਉਸਦੇ ਅੰਦਰ ਅਜਿਹੇ ਗੁਣਾਂ ਦਾ ਆਉਣਾ ਕੋਈ ਸਧਾਰਨ ਘਟਨਾ ਨਹੀਂ, ਸਗੋਂ ਵੱਖ-ਵੱਖ ਸਖਸ਼ੀਅਤਾਂ ਅਤੇ ਆਪਣੇ ਵਿਰਸੇ ਨਾਲ ਜੁੜੇ ਹੋਣਾ ਹੈ। ਉਹ ਬਚਪਨ ਤੋਂ ਲੈ ਕੇ ਫ਼ਾਂਸੀ ਦੇ ਤਖ਼ਤੇ ਤੇ ਜਾਣ ਤੋਂ ਪਹਿਲਾਂ, ਜ਼ੇਲ੍ਹ ਦੇ ਆਖਰੀ ਪਲ ਤੱਕ ਗੁਰਬਾਣੀ, ਸਿੱਖ-ਇਤਿਹਾਸ, ਕ੍ਰਾਂਤੀਕਾਰੀ ਸਾਹਿਤ, ਜਿਸਦੇ ਵਿੱਚ ਵਿਸ਼ੇਸ਼ ਤੌਰ'ਤੇ ਗਦਰੀ ਸਾਹਿਤ, ਹੋਰ ਚੰਗੀਆਂ ਪੁਸਤਕਾਂ 'ਹੀਰ' ਵਾਰਿਸ ਸ਼ਾਹ, ਟੈਗੋਰ ਦੀਆਂ ਰਚਨਾਵਾਂ ਆਦਿ ਨਾਲ ਜੁੜਿਆ ਰਿਹਾ।

ਚੰਗੀਆਂ ਪੁਸਤਕਾਂ ਤੋਂ ਇਲਾਵਾ ਉਸ ਤੇ ਵੱਖ-ਵੱਖ ਸ਼ਖਸੀਅਤਾਂ-ਡਾ. ਸੈਫੂਦੀਨ ਕਿਚਲੂ, ਮਾ. ਮੋਤਾ ਸਿੰਘ, ਸ਼ਹੀਦ ਭਗਤ ਸਿੰਘ, ਲਾਲਾ ਲਾਜਪਤਿ ਰਾਇ, ਗਦਰੀ ਆਗੂਆਂ ਖਾਸ ਕਰ ਕਰਤਾਰ ਸਿੰਘ ਸਰਾਭਾ, ਸੁਭਾਸ਼ ਚੰਦਰ ਬੋਸ,ਮਦਨ ਲਾਲ ਢੀਂਗਰਾ,ਰਾਮ ਪ੍ਰਸਾਦ ਬਿਸਮਿਲ ਅਤੇ ਆਪਣੇ ਮਿੱਤਰ ਸੰਤ ਹਰਨਾਮ ਸਿੰਘ ਨਾਮਧਾਰੀ ਆਦਿ ਦਾ ਵੀ ਡੂੰਘਾ ਪ੍ਰਭਾਵ ਪਿਆ। ਕਈਆਂ ਨਾਲ ਉਸਨੇ ਕੰਮ ਵੀ ਕੀਤਾ, ਕਈਆਂ ਬਾਰੇ ਪੜ੍ਹਿਆ ਤੇ ਸੁਣਿਆ।

ਉਸ ਦੀ ਸਖਸ਼ੀਅਤ ਘੜਨ ਵਿੱਚ ਕੁਝ ਜੀਵਨ ਪਰਸਥਿਤੀਆਂ ਵੀ ਜ਼ਿੰਮੇਵਾਰ ਸਨ। ਉਹ ਤਿੰਨ ਸਾਲ ਦਾ ਸੀ ਤਾਂ ਉਸਦੀ ਮਾਤਾ ਦੀ ਮੌਤ ਹੋ ਗਈ। ਜਦ ਉਹ ਅੱਠਵੇਂ ਸਾਲ ਵਿੱਚ ਸੀ ਤਾਂ ਪਿਤਾ ਅਤੇ ਜਦ ਉਹ ਚੌਦਵੇਂ ਸਾਲ ਵਿੱਚ ਸੀ ਤਾਂ ਵੱਡਾ ਭਰਾ ਵੀ ਚੱਲ ਵੱਸਿਆ। ਇਸ ਤਰ੍ਹਾਂ ਬਚਪਨ ਵਿੱਚ ਗਰੀਬੀ ਤੇ ਯਤੀਮਪੁਣੇ ਨੇ ਵੀ ਆਪਣਾ ਪ੍ਰਭਾਵ ਪਾਇਆ। ਪਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਬਚਪਨ ਦੀਆਂ ਤੰਗੀਆਂ-ਤੁਰਸ਼ੀਆਂ,ਬੇਸਹਾਰਾਪਣ ਆਦਿ ਦਾ ਨਕਾਰਾਤਮਕ ਪ੍ਰਭਾਵ ਦੀ ਥਾਂ ਉਸ ਨੇ ਸਕਾਰਾਤਮਕ ਪ੍ਰਭਾਵ ਲਿਆ।

ਉਪਰੋਕਤ ਸਾਰੇ ਹਾਲਾਤਾਂ ਤੋਂ ਜਿਸ ਤਰ੍ਹਾਂ ਦੀ ਸ਼ਖਸੀਅਤ ਊਧਮ ਸਿੰਘ ਦੀ ਨਿੱਖਰ ਕੇ ਸਾਹਮਣੇ ਆਉਂਦੀ ਹੈ, ਉਸ ਨੂੰ ਪੇਸ਼ ਕਰਨ ਵਾਲੀਆਂ ਕੁਝ ਘਟਨਾਵਾਂ ਵਰਣਨ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਊਧਮ ਸਿੰਘ ਉਰਫ਼ ਸ਼ੇਰ ਸਿੰਘ (ਬਚਪਨ ਦਾ ਨਾਮ) ਦੀ ਮਾਂ ਦੀ ਮੌਤ ਤੋਂ ਬਾਅਦ ਸ਼ੇਰ ਸਿੰਘ ਦੇ ਪਿਤਾ ਨੇ ਬੱਚਿਆਂ ਦੀ ਸਾਂਭ ਸੰਭਾਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਖੇਤੀਬਾੜੀ ਦਾ ਕੰਮ ਛੱਡ ਕੇ ਸੁਨਾਮ ਨੇੜੇ ਉੱਪਲੀ ਦੇ ਫਾਟਕ ਤੇ ਚੌਕੀਦਾਰ ਦੀ ਨੌਕਰੀ ਸ਼ੁਰੂ ਕੀਤੀ। ਫਾਟਕ ਦੇ ਆਸੇ-ਪਾਸੇ ਘਾਹ-ਫੂਸ ਤੇ ਜੰਗਲ ਹੀ ਸੀ। ਪਿਤਾ ਨੇ ਬੱਚਿਆਂ ਨੂੰ ਧਿਆਨ ਲਾਉਣ ਲਈ ਬੱਕਰੀਆਂ ਰੱਖ ਲਈਆਂ।

ਇੱਕ ਦਿਨ ਜਦੋਂ ਸਵੇਰੇ-ਸਵੇਰੇ ਸ਼ੇਰ ਸਿੰਘ ਦਾ ਪਿਤਾ ਬਾਹਰ ਗਿਆ ਹੋਇਆ ਸੀ ਤਾਂ ਉਸ ਨੇ ਕੋਈ ਆਵਾਜ਼ ਸੁਣੀ। ਜਦ ਉਸਨੇ ਉੱਠ ਕੇ ਦੇਖਿਆ ਤਾਂ ਇੱਕ ਬਘਿਆੜ ਬੱਕਰੀਆਂ ਦੇ ਵਾੜੇ ਅੰਦਰ ਵੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਬਘਿਆੜ ਨੇ ਆਪਣਾ ਮੂੰਹ ਵਾੜ ਦੇ ਅੰਦਰ ਕੀਤਾ ਹੋਇਆ ਸੀ। ਖਤਰਾ ਸਿਰਫ਼ ਬੱਕਰੀਆਂ ਨੂੰ ਨਹੀਂ ਸਗੋਂ ਸ਼ੇਰ ਸਿੰਘ ਤੇ ਉਸਦੇ ਭਰਾ ਨੂੰ ਵੀ ਸੀ। ਉਸਨੇ ਡਰਨ ਦੀ ਥਾਂ ਕੁਹਾੜੀ ਚੁੱਕੀ ਤੇ ਜ਼ੋਰ-ਜ਼ੋਰ ਨਾਲ ਬਘਿਆੜ ਦੇ ਮੂੰਹ ਤੇ ਮਾਰਨੀ ਸ਼ੁਰੂ ਕੀਤੀ। ਆਖਰ ਜਦ ਬਘਿਆੜ ਵਾੜ ਦੇ ਅੰਦਰ ਨਾ ਵੜ ਸਕਿਆ ਤਾਂ ਚੀਕਦਾ ਹੋਇਆ ਵਾਪਸ ਦੌੜ ਗਿਆ। ਹੋ ਸਕਦਾ ਹੈ ਇਸ ਸਮੇਂ ਉਸਦੇ ਵੱਡੇ ਭਰਾ ਨੇ ਵੀ ਸਾਥ ਦਿੱਤਾ ਹੋਵੇ ਪਰ ਇਸ ਗੱਲ ਤੋਂ ਇੱਕ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਸ਼ੇਰ ਸਿੰਘ ਨਾਂ ਦਾ ਹੀ ਸ਼ੇਰ ਨਹੀਂ ਸੀ ਦਿਲ ਦਾ ਤੇ ਸਰੀਰ ਦਾ ਵੀ ਸ਼ੇਰ ਹੀ ਸੀ।

ਬਚਪਨ ਤੋਂ ਹੀ ਉਹ ਹੱਡਾਂ ਪੈਰਾਂ ਦਾ ਖੁੱਲ੍ਹਾ, ਹੁੰਦੜਹੇਲ, ਹੱਸਮੁੱਖ, ਮਿਲਾਪੜਾ ਸੁਭਾਅ, ਸਿਹਤ ਦਾ ਖਾਸ ਧਿਆਨ ਰੱਖਣ ਵਾਲਾ, ਆਪਣੇ ਆਪ ਵਿੱਚ ਮਸਤ ਰਹਿਣ ਵਾਲਾ ਆਦਿ ਗੁਣਾਂ ਦਾ ਮਾਲਕ ਸੀ। ਇਹਨਾਂ ਗੁਣਾਂ ਕਾਰਨ ਹੀ ਉਸਨੇ ਹਰ ਔਕੜ ਨੂੰ ਪਾਰ ਕੀਤਾ ਤੇ ਕਿਸੇ ਵੀ ਮੁਸੀਬਤ ਅੱਗੇ ਝੁਕਿਆ ਨਹੀਂ। ਇਨ੍ਹਾਂ ਖੂਬੀਆਂ ਕਾਰਨ ਲੋਕ ਅਕਸਰ ਬਚਪਨ ਵਿੱਚ ਉਸਨੂੰ 'ਮੌਜੀ ਠਾਕਰ' ਵੀ ਕਹਿੰਦੇ।

ਪਿਤਾ ਦੀ ਮੌਤ ਤੋਂ ਬਾਅਦ * 'ਸੈਂਟਰਲ ਖਾਲਸਾ ਯਤੀਮਖਾਨਾ' ਅੰਮ੍ਰਿਤਸਰ ਰਹਿੰਦਿਆਂ ਊਧਮ ਸਿੰਘ ਨੇ ਦਸਵੀਂ ਪਾਸ ਕਰਨ ਤੋਂ ਇਲਾਵਾ ਤਰਖਾਣਾ, ਲੁਹਾਰਾ, ਚਿੱਤਰਕਾਰੀ ਅਤੇ ਮਕੈਨਿਕਾਂ ਵਾਲੇ ਹੋਰ ਕੰਮਾਂ ਵਿੱਚ ਵੀ ਨਿਪੁੰਨਤਾ ਹਾਸਿਲ ਕਰ ਲਈ। ਜੋ ਉਸਦੀ ਤੀਖਣ ਬੁੱਧੀ ਤੇ ਲਗਨ ਦਾ ਹੀ ਨਤੀਜਾ ਸੀ, ਜਿਨ੍ਹਾਂ ਦੇ ਸਿਰ'ਤੇ ਉਹ ਸਾਰੀ ਉਮਰ ਰੋਟੀ ਖਾਂਦਾ ਰਿਹਾ। ਜਦੋਂ ਉਹ 20 ਵੇਂ ਸਾਲ ਵਿੱਚ ਸੀ ਤਾਂ ਜ਼ਲ੍ਹਿਆਂਵਾਲੇ ਬਾਗ ਦਾ ਸਾਕਾ ਵਾਪਰ ਗਿਆ। ਸਾਕੇ ਵਾਲੀ ਰਾਤ ਉਸਨੇ ਤਿੰਨ ਬੀਬੀਆਂ ਦੇ ਪਤੀਆਂ ਦੀਆਂ ਲਾਸ਼ਾਂ ਲੱਭ ਕੇ ਉਹਨਾਂ ਦੇ ਹਵਾਲੇ ਕੀਤੀਆਂ ਅਤੇ ਯਤੀਮਖਾਨੇ ਦੇ ਯੁਵਕਾਂ ਨਾਲ ਰਲ ਕੇ ਬਾਕੀ ਲਾਸ਼ਾਂ ਦੇ ਸਸਕਾਰ ਕਰਨ ਦੀ ਸੇਵਾ ਵੀ ਕੀਤੀ। ਇਹ ਉਸਦੇ ਪਰਉਪਕਾਰੀ ਸੁਭਾਅ ਦਾ ਹੀ ਨਤੀਜਾ ਸੀ। ਇਸ ਘਟਨਾ ਨੇ ਉਸਦੇ ਹਿਰਦੇ'ਤੇ ਡੂੰਘੀ ਸੱਟ ਮਾਰੀ। ਊਧਮ ਸਿੰਘ ਦੇ ਅੰਦਰ ਦੇਸ਼ ਆਜ਼ਾਦ ਕਰਾਉਣ ਤੇ ਜ਼ਲ੍ਹਿਆਂਵਾਲੇ ਬਾਗ ਦੇ ਸਾਕੇ ਦਾ ਬਦਲਾ ਲੈਣ ਦੀ ਅੱਗ ਬਲਣ ਲੱਗੀ। ਨਤੀਜੇ ਵਜੋਂ ਉਹ ਕ੍ਰਾਂਤੀਕਾਰੀਆਂ ਦੇ ਸੰਪਰਕ ਵਿੱਚ ਰਹਿਣ ਲੱਗਾ ਤੇ ਦਿਨ-ਬ-ਦਿਨ ਗੰਭੀਰ ਹੁੰਦਾ ਗਿਆ। ਫਿਰ ਹੌਲੀ-ਹੌਲੀ ਆਪਣੇ ਮਿਸ਼ਨ ਦੀ ਪੂਰਤੀ ਵੱਲ ਵਧਣ ਲੱਗਾ। ਪੈਸੇ ਕਮਾਉਣ ਲਈ ਉਹ ਅਫਰੀਕਾ ਤੇ ਫਿਰ ਅਮਰੀਕਾ ਪੁੱਜਾ। ਅਮਰੀਕਾ ਵਿੱਚ ਉਸਨੇ ਵਿਆਹ ਵੀ ਕਰਵਾਇਆ। ਫਿਰ ਅਮਰੀਕਾ ਤੋਂ

ਯੂਰਪ ਘੁੰਮਣ ਗਿਆ। ਇੱਥੇ ਵੀ ਉਹ ਕ੍ਰਾਂਤੀਕਾਰੀਆਂ ਦੇ ਸੰਪਰਕ ਵਿੱਚ ਰਿਹਾ। ਯੂਰਪ ਘੁੰਮਦਿਆਂ-ਘੁੰਮਦਿਆਂ ਉਹ ਰੂਸ ਪੁੱਜ ਗਿਆ। ਰੂਸ ਪੁੱਜਣ ਤੱਕ ਉਸ ਦੇ ਪੈਸੇ ਖਰਚ ਹੋ ਚੁੱਕੇ ਸਨ।ਉਸਨੇ ਨਿਊਯਾਰਕ ਦੇ ਆਪਣੇ ਇੱਕ ਮਿੱਤਰ Emberto Es Pecito ਤੋਂ 900 ਡਾਲਰ ਮੰਗਵਾਏ। ਫਿਰ ਉਸਨੇ ਵਾਪਸ ਅਮਰੀਕਾ ਆ ਕੇ ਆਪਣੇ ਮਿੱਤਰ ਤੋਂ ਉਧਾਰ ਲਏ ਸਾਰੇ ਪੈਸੇ ਮੋੜ ਦਿੱਤੇ। ਜੋ ਉਸਦੀ ਈਮਾਨਦਾਰੀ ਅਤੇ ਦੋਸਤੀ ਦੀ ਮਿਸਾਲ ਹੈ। ਇਹ ਉਸਦਾ ਚੰਗਾ ਸੁਭਾਅ ਹੀ ਸੀ ਕਿ 8-9 ਮਹੀਨੇ ਨਿਊਯਾਰਕ ਰਹਿ ਕੇ ਏਦਾਂ ਦਾ ਮਿੱਤਰ ਬਣਾ ਲਿਆ ਜਿਸਨੇ ਉਸਤੇ ਵਿਸ਼ਵਾਸ਼ ਕਰਕੇ ਏਨੀ ਦੂਰ ਰੂਸ ਵਿੱਚ 900 ਡਾਲਰ ਭੇਜ ਦਿੱਤੇ। ਫਿਰ ਉਹ ਸਮੁੰਦਰੀ ਜਹਾਜ਼ ਰਾਹੀਂ ਕਈ ਦੇਸ਼ ਜਨੇਵਾ, ਨੇਪਲਜ, ਪਾਲਰਮੋ, ਯੂਨਾਨ, ਕੁਸਤਨਤੁਨੀਆ ਆਦਿ ਘੁੰਮਦਾ ਹੋਇਆ ਜੁਲਾਈ 1927 ਨੂੰ ਵਾਪਸ ਭਾਰਤ ਆ ਗਿਆ।

ਭਾਰਤ ਆ ਕੇ ਉਹ ਅੰਮ੍ਰਿਤਸਰ ਆਪਣੇ ਪੁਰਾਣੇ ਦੋਸਤ ਤਾਰਾ ਸਿੰਘ ਨੂੰ ਮਿਲਣ ਗਿਆ। ਤਾਰਾ ਸਿੰਘ ਕੋਲ ਰਹਿਣ ਲਈ ਥਾਂ ਨਹੀਂ ਸੀ, ਨਤੀਜੇ ਵਜੋਂ ਰਾਤ ਉਸਨੂੰ ਨੂਰਜਹਾਂ ਦੇ ਕੋਠੇ'ਤੇ ਕੱਟਣੀ ਪਈ। ਜਿਸ ਸਮੇਂ ਉਹ ਸਵੇਰੇ ਤਿਆਰ ਹੋ ਰਿਹਾ ਸੀ ਤਾਂ ਊਧਮ ਸਿੰਘ ਦਾ ਪਿਸਤੌਲ ਨੂਰਜਹਾਂ ਦੇ ਨੌਕਰ ਨੇ ਦੇਖ ਲਿਆ। ਊਧਮ ਸਿੰਘ ਤਾਂ ਉੱਥੋਂ ਚਲਾ ਗਿਆ, ਪਰ ਉਸ ਨੌਕਰ ਨੇ ਪੁਲਿਸ ਨੂੰ ਸ਼ਿਕਾਇਤ ਦੇ ਦਿੱਤੀ। ਪੁਲਿਸ ਕੋਠੇ'ਤੇ ਆ ਕੇ ਊਧਮ ਸਿੰਘ ਦੇ ਵਾਪਸ ਆਉਣ ਦੀ ਉਡੀਕ ਕਰਨ ਲੱਗੀ। ਊਧਮ ਸਿੰਘ ਦੀ ਥਾਂ ਤੇ ਤਾਰਾ ਸਿੰਘ, ਊਧਮ ਸਿੰਘ ਨੂੰ ਮਿਲਣ ਲਈ ਉੱਥੇ ਆਇਆ ਤਾਂ ਪੁਲਿਸ ਗ੍ਰਿਫਤਾਰ ਕਰਕੇ ਲੈ ਗਈ। ਊਧਮ ਸਿੰਘ ਇਹ ਸਵੀਕਾਰ ਨਹੀਂ ਸੀ ਕਰ ਸਕਦਾ ਕਿ ਮੇਰੇ ਕਰਕੇ ਮੇਰੇ ਕਿਸੇ ਮਿੱਤਰ ਨੂੰ ਕਸ਼ਟ ਮਿਲੇ। ਉਹ ਉਸੇ ਵੇਲੇ ਸਿੱਧਾ ਰਾਮਬਾਗ ਪੁਲਿਸ ਚੌਕੀ ਗਿਆ ਤੇ ਤਾਰਾ ਸਿੰਘ ਨੂੰ ਛੁਡਾ ਕੇ ਆਪ ਗ੍ਰਿਫਤਾਰੀ ਦੇ ਦਿੱਤੀ। ਬੇਸ਼ੱਕ ਉਸ ਕੋਲ ਭੱਜਣ ਦਾ ਮੌਕਾ ਸੀ ਪਰ ਉਸਨੇ ਭੱਜਣ ਦੀ ਥਾਂ ਆਪਣੀ ਸਜ਼ਾ ਖੁਦ ਭੁਗਤਣ ਨੂੰ ਤਰਜ਼ੀਹ ਦਿੱਤੀ। ਉਸ ਤੋਂ ਤਿੰਨ ਪਿਸਤੌਲ ਤੇ 139 ਗੋਲੀਆਂ ਬਰਾਮਦ ਹੋਈਆਂ। ਇੱਥੇ ਵੀ ਪੁਲਿਸ ਨੂੰ ਉਸਨੇ ਇਹੋ ਕਿਹਾ ਕਿ ਉਹ ਅਮਰੀਕਾ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਦੇਸ਼ ਆਇਆ ਹੈ।

ਇਹ ਬਿਆਨ ਉਸਦੀ ਦੇਸ਼ ਆਜ਼ਾਦ ਕਰਾਉਣ ਦੀ ਦ੍ਰਿੜ ਇੱਛਾ ਦਾ ਹੀ ਨਤੀਜਾ ਸੀ। ਪਿਸਤੌਲ ਆਦਿ ਦੇ ਨਾਲ-ਨਾਲ ਉਸ ਦੇ ਬਟੂਏ ਵਿੱਚੋਂ ਉਸਦੀ ਅਮਰੀਕਨ ਪਤਨੀ ਦੀ ਫੋਟੋ ਵੀ ਮਿਲੀ। ਮਤਲਬ ਕਿ ਸ਼ਹੀਦ ਊਧਮ ਸਿੰਘ ਪਿਸਤੌਲ ਦੇ ਨਾਲ ਨਾਲ ਆਪਣੀ ਪਤਨੀ ਦੀ ਫੋਟੋ ਵੀ ਹਰ ਸਮੇਂ ਆਪਣੇ ਕੋਲ ਰੱਖਦਾ ਸੀ। ਜੋ ਉਸਦੇ ਪਤਨੀ ਪ੍ਰਤੀ ਅਥਾਹ ਪ੍ਰੇਮ ਦਾ ਹੀ ਨਤੀਜਾ ਸੀ। ਇਸ ਕੇਸ ਵਿੱਚ ਉਸਨੇ ਚਾਰ ਸਾਲ ਇੱਕ ਮਹੀਨਾ ਚੌਵੀ ਦਿਨ ਸਜ਼ਾ ਕੱਟੀ।

ਜਦ ਉਹ ਸਜ਼ਾ ਕੱਟ ਰਿਹਾ ਸੀ ਤਾਂ ਜੇਲ੍ਹ ਵਿੱਚ ਹੀ ਉਸਨੂੰ ਆਪਣੇ ਮਿੱਤਰ ਭਗਤ ਸਿੰਘ ਦੀ ਸ਼ਹੀਦੀ ਦੀ ਮਨਹੂਸ ਖਬਰ ਮਿਲੀ। ਊਧਮ ਸਿੰਘ ਏਨਾ ਦੁਖੀ ਹੋ ਉੱਠਿਆ ਕਿ ਕਈ ਦਿਨਾਂ ਤੱਕ ਉਸਨੇ ਕੁਝ ਵੀ ਨਾ ਖਾਧਾ ਪੀਤਾ।

ਰਿਹਾਈ ਤੋਂ ਬਾਅਦ ਉਸਨੇ ਅੰਮ੍ਰਿਤਸਰ ਘੰਟਾ ਘਰ ਚੌਕ ਵਿੱਚ 'ਰਾਮ ਮੁਹੰਮਦ ਸਿੰਘ ਆਜ਼ਾਦ' ਦਾ ਫੱਟਾ ਲਾ ਕੇ ਚਿੱਤਰਕਾਰੀ ਦਾ ਕੰਮ ਸ਼ੁਰੂ ਕਰ ਲਿਆ। ਰਾਮ ਮੁਹੰਮਦ ਸਿੰਘ ਆਜ਼ਾਦ ਸਿਰਫ਼ ਇੱਕ ਨਾਮ ਨਹੀਂ ਸੀ, ਸਗੋਂ ਊਧਮ ਸਿੰਘ ਦਾ ਇੱਕ ਸੁਪਨਾ ਸੀ, ਜਿਸ ਵਿੱਚ ਉਹ ਭਾਰਤੀਆਂ ਦੀ ਧਰਮਾਂ ਤੋਂ ਉੱਪਰ ਉੱਠ ਕੇ ਸੱਭਿਆਚਾਰਕ ਸਾਂਝ ਨੂੰ ਮਜ਼ਬੂਤ ਹੋਇਆ ਦੇਖਣਾ ਚਾਹੁੰਦਾ ਸੀ। ਅਫਸੋਸ ਉਸ ਦੀ ਸ਼ਹੀਦੀ ਤੋਂ 78 ਸਾਲ ਬਾਅਦ ਵੀ ਭਾਰਤੀਆਂ ਦੀ ਇਹ ਸਾਂਝ ਪੀਡੀ ਹੋਣ ਦੀ ਥਾਂ ਫਿਰਕਾਪ੍ਰਸਤੀ ਵੱਲ ਦਿਨ-ਬ-ਦਿਨ ਵਧ ਰਹੀ ਹੈ। ਕਿਉਂਕਿ ਜੇ ਉਸ ਨੇ ਨਾਮ ਹੀ ਬਦਲਨਾ ਹੁੰਦਾ ਤਾਂ ਉਹ ਹੋਰ ਕੋਈ ਵੀ ਨਾਮ ਰੱਖ ਸਕਦਾ ਸੀ ਵੈਸੇ ਵੀ ਉਸਨੇ ਹੋਰ ਕਈ ਨਾਮ ਬਦਲੇ ਸਨ ਜਿਵੇਂ ਕਿ ਸ਼ੇਰ ਸਿੰਘ, ਉਦੇ ਸਿੰਘ, ਫਰੈਂਕ ਬ੍ਰਾਜ਼ੀਲ, ਊਧਮ ਸਿੰਘ, ਬਾਵਾ ਆਦਿ। ਇਸ ਲਈ ਉਸ ਨੇ ਇਹ ਨਾਮ ਪੁਲਿਸ ਤੋਂ ਬਚਣ ਲਈ ਨਹੀਂ, ਸਗੋਂ ਇੱਕ ਸੱਚਾ ਮਨੁੱਖਤਾ ਦਾ ਹਾਮੀ ਤੇ ਭਾਰਤੀਆਂ ਦੀ ਏਕਤਾ ਦਾ ਇੱਛੁਕ ਹੋਣ ਦੇ ਨਾਤੇ ਹੀ ਰੱਖਿਆ ਸੀ। ਅੱਗੇ ਜਾ ਕੇ ਇਹ ਗੱਲ ਹੋਰ ਸਪੱਸ਼ਟ ਹੋ ਜਾਏਗੀ।

ਕੁੱਝ ਮਹੀਨਿਆਂ ਪਿੱਛੋਂ ਉਹ ਪੈਸੇ ਇਕੱਠੇ ਕਰਕੇ 1932 ਵਿੱਚ ਕਸ਼ਮੀਰ ਚਲਾ ਗਿਆ। ਇੱਥੇ ਉਹ ਕਿਸ਼ਨ ਸਿੰਘ ਗੜਗੱਜ, ਅਮਰ ਸਿੰਘ ਤੇਗ ਤੇ ਅਮੀਰ ਚੰਦ ਹੋਰਾਂ ਦੀ ਖੁਫ਼ੀਆ ਪਾਰਟੀ ਜੁਗ ਪਲਟਾਊ ਦਲ ਦੇ ਸਰਗਰਮ ਮੈਂਬਰਾਂ ਸਵਰਨ ਸਿੰਘ ਤੇ ਇੰਦਰ ਸਿੰਘ ਆਦਿ ਦੇ ਸੰਪਰਕ ਵਿੱਚ ਰਿਹਾ। ਇੱਥੇ ਜਿਆਦਾਤਰ ਉਹ ਸਾਧੂ ਭੇਸ ਵਿੱਚ ਰਿਹਾ। ਜਦ ਉਹ ਸ੍ਰੀਨਗਰ ਵਿੱਚ ਸੀ, ਤਾਂ ਸਵਰਨ ਸਿੰਘ ਤੇ ਊਧਮ ਸਿੰਘ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਪਰ ਊਧਮ ਸਿੰਘ ਨੂੰ ਸਾਧੂ ਸਮਝ ਕੇ ਛੱਡ ਦਿੱਤਾ ਗਿਆ। ਜਦੋਂ ਸਵਰਨ ਸਿੰਘ ਨੂੰ ਪੈਦਲ ਹੀ ਸ੍ਰੀਨਗਰ ਤੋਂ ਜੰਮੂ ਲਿਜਾਇਆ ਜਾ ਰਿਹਾ ਸੀ ਤਾਂ ਊਧਮ ਸਿੰਘ ਨੇ ਪਹਿਲਾਂ ਡੀ. ਐਸ. ਪੀ. ਤੇ ਫਿਰ ਮੈਜਿਸਟ੍ਰੇਟ ਨੂੰ ਬੇਨਤੀ ਕੀਤੀ ਕਿ ਉਸ ਨੂੰ ਪੈਦਲ ਦੀ ਥਾਂ ਕਿਸੇ ਸਾਧਨ ਤੇ ਲਿਜਾਇਆ ਜਾਏ ਤਾਂ ਉਨ੍ਹਾਂ ਕਿਹਾ ਕਿ ਜੇਕਰ ਸਵਰਨ ਸਿੰਘ ਦੇ ਨਾਲ-ਨਾਲ ਸਿਪਾਹੀਆਂ ਦਾ ਖਰਚਾ ਵੀ ਊਧਮ ਸਿੰਘ ਦੇ ਦੇਵੇ ਤਾਂ ਸਵਰਨ ਸਿੰਘ ਨੂੰ ਸਾਧਨ ਤੇ ਲਿਜਾਇਆ ਜਾ ਸਕਦਾ ਹੈ। ਊਧਮ ਸਿੰਘ ਨੇ ਆਪਣੀ ਜੇਬ ਵਿੱਚੋਂ ਇਹ ਖਰਚਾ ਦਿੱਤਾ ਤਾਂ ਉਸਨੂੰ ਸਾਧਨ ਤੇ ਲਿਜਾਇਆ ਗਿਆ। ਇੱਥੇ ਜਿੰਨੀ ਊਧਮ ਸਿੰਘ ਨੇ ਡੀ. ਐਸ. ਪੀ. ਤੇ ਜੱਜ ਤੱਕ ਪਹੁੰਚ ਕਰਨ ਸਮੇਂ ਭੱਜ ਦੌੜ ਕੀਤੀ ਤਾਂ ਉਸ ਸਮੇਂ ਊਧਮ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ ਪਰ ਉਸਨੇ ਆਪਣੀ ਪ੍ਰਵਾਹ ਕੀਤੇ ਬਿਨਾਂ ਇੱਕ ਕ੍ਰਾਂਤੀਕਾਰੀ ਮਿੱਤਰ ਦੀ ਮਦਦ ਜਾਨ ਖਤਰੇ ਵਿੱਚ ਪੈਣ ਦੇ ਬਾਵਜੂਦ ਵੀ ਕੀਤੀ। ਇੱਥੇ ਉਹ ਅਮਰਨਾਥ ਦੀ ਯਾਤਰਾ ਤੇ ਵੀ ਗਿਆ। ਬੇਸ਼ੱਕ ਉਹ ਸੈਰ ਜਾਂ ਘੁੰਮਣ ਦੇ ਸ਼ੌਕ ਕਾਰਨ ਗਿਆ ਹੋਵੇ ਪਰ ਇਸ ਤੋਂ ਉਸਦੀ ਸੰਪ੍ਰਦਾਇਕਤਾ ਤੋਂ ਮੁਕਤ ਸ਼ਖਸੀਅਤ ਦਾ ਪਤਾ ਲੱਗਦਾ ਹੈ।

ਅਕਤੂਬਰ 1934 ਤੱਕ ਊਧਮ ਸਿੰਘ ਇੰਗਲੈਂਡ ਪੁੱਜ ਚੁੱਕਾ ਸੀ। ਹੁਣ ਤੱਕ ਊਧਮ ਸਿੰਘ ਭੇਸ ਬਦਲਣ, ਨਾਮ ਬਦਲਣ, ਪਛਾਣ ਛੁਪਾਉਣ ਆਦਿ ਹਰ ਕੰਮ ਵਿੱਚ ਕ੍ਰਾਂਤੀਕਾਰੀਆਂ ਨਾਲ ਰਹਿ ਕੇ ਮਾਹਿਰ ਹੋ ਚੁੱਕਾ ਸੀ।

ਊਧਮ ਸਿੰਘ ਮਾਇਕਲ ਓਡਵਾਇਰ ਨੂੰ ਪਹਿਲਾਂ ਵੀ ਮਾਰ ਸਕਦਾ ਸੀ। ਉਸਨੂੰ ਉਸਦੇ ਘਰ ਤੇ ਸੈਰ ਸਪਾਟੇ ਦੀ ਜਗ੍ਹਾ ਦਾ ਵੀ ਪਤਾ ਸੀ ਪਰ ਉਹ ਉਸਨੂੰ ਇਸ ਤਰੀਕੇ ਨਾਲ ਮਾਰਨਾ ਚਾਹੁੰਦਾ ਸੀ, ਜਿਸ ਨਾਲ ਸਾਰੀ ਦੁਨੀਆਂ ਨੂੰ ਪਤਾ ਲੱਗ ਜਾਵੇ ਤੇ ਨਾਲ ਹੀ ਉਹ ਦੂਸਰੇ ਦੋਸ਼ੀ ਲਾਰਡ ਜੈਟਲੈਂਡ ਨੂੰ ਵੀ ਇਸ ਦੇ ਨਾਲ ਹੀ ਮਾਰਨਾ ਚਾਹੁੰਦਾ ਸੀ।

13 ਮਾਰਚ 1940 ਨੂੰ ਉਸ ਨੇ ਜ਼ਲ੍ਹਿਆਂਵਾਲੇ ਬਾਗ ਦੇ ਦੋਸ਼ੀ ਓਡਵਾਇਰ ਨੂੰ ਕੈਕਸਟਨ ਹਾਲ ਵਿੱਚ ਪਾਰ ਬੁਲਾ ਦਿੱਤਾ। ਜੈਟਲੈਂਡ ਦੇ ਸੱਟ ਤਾਂ ਲੱਗੀ ਪਰ ਜਾਨ ਬਚਾਉਣ ਵਿੱਚ ਸਫਲ ਹੋ ਗਿਆ। ਸਰ ਲੂਈ ਡੇਨ ਤੇ ਲਾਰਡ ਲੈਮਿੰਗਟਨ ਦੇ ਵੀ ਗੋਲੀਆਂ ਲੱਗੀਆਂ ਪਰ ਜਾਨ ਬਚ ਗਈ। ਊਧਮ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਦੇ ਤਸ਼ੱਦਦ ਦੇ ਬਾਵਜੂਦ ਉਸਨੇ ਆਪਣੇ ਕਿਸੇ ਮਿੱਤਰ , ਜਾਣਕਾਰ ਜਾਂ ਥਾਂ ਟਿਕਾਣੇ ਬਾਰੇ ਕੋਈ ਜਾਣਕਾਰੀ ਨਾ ਦਿੱਤੀ ਤਾਂ ਜੋ ਕਿਸੇ ਨੂੰ ਕਸ਼ਟ ਨਾ ਪੁੱਜੇ। ਊਧਮ ਸਿੰਘ ਜਿੰਨੀਆਂ ਵੀ ਚਿੱਠੀਆਂ ਆਪਣੇ ਜਾਣਕਾਰਾਂ ਨੂੰ ਲਿਖਦਾ ਹੈ, ਉਨ੍ਹਾਂ ਵਿੱਚੋਂ ਕਿਸੇ ਦਾ ਵੀ ਨਾਂ ਸਪਸ਼ਟ ਰੂਪ ਵਿੱਚ ਨਹੀਂ ਲਿਖਦਾ ਸਗੋਂ ਸੰਕੇਤ ਰੂਪ ਵਿੱਚ ਹੀ ਲਿਖਦਾ ਹੈ। ਸੰਕੇਤ ਰੂਪ ਵਿੱਚ ਵੀ ਇਸ ਤਰ੍ਹਾਂ ਜਿਵੇਂ ਕਿਸੇ ਅਨਜਾਣ ਨੂੰ ਲਿਖਿਆ ਜਾ ਰਿਹਾ ਹੋਵੇ। ਇਸ ਸਭ ਕੁਝ ਦਾ ਉਸ ਦਾ ਮਨੋਰਥ ਇਹੋ ਸੀ ਕਿ ਮੇਰੇ ਕਾਰਨ ਹੋਰ ਕਿਸੇ ਨੂੰ ਕੋਈ ਕਸ਼ਟ ਨਾ ਹੋਵੇ। 15 ਮਾਰਚ 1940 ਨੂੰ ਉਸ ਨੇ ਸ਼ਿਵ ਸਿੰਘ ਜੌਹਲ ਨੂੰ ਲਿਖਿਆ-

“ਮਿੱਤਰ ਮੈਨੂੰ ਅਫ਼ਸੋਸ ਹੈ ਕਿ ਮੈਨੂੰ ਤੁਹਾਡੇ ਪੂਰੇ ਨਾਮ ਦੀ ਜਾਣਕਾਰੀ ਨਹੀਂ ਹੈ।”

ਇਸ ਤਰ੍ਹਾਂ ਉਹ ਆਪਣੇ ਜਾਣਕਾਰਾਂ ਨੂੰ ਮੁਸੀਬਤਾਂ ਤੋਂ ਬਚਾਉਣ ਲਈ ਚਿੱਠੀਆਂ ਲਿਖਦੇ ਸਮੇਂ ਪੂਰਾ ਯਤਨ ਕਰਦਾ ਹੈ। ਆਪਣੇ ਮਿੱਤਰਾਂ ਜਾਂ ਸ਼ੁਭਚਿੰਤਕਾਂ ਨੂੰ ਉਹ ਸਿਰਫ ਕਸ਼ਟਾਂ ਤੋਂ ਹੀ ਨਹੀਂ ਬਚਾਉਣਾ ਚਾਹੁੰਦਾ, ਸਗੋਂ ਜਿਹੜੇ ਲੋਕ ਉਸ ਨੂੰ ਬਚਾਉਣ ਲਈ ਵਕੀਲ ਕਰਨ ਤੇ ਖਰਚ ਕਰ ਰਹੇ ਸਨ, ਉਨ੍ਹਾਂ ਭਾਰਤੀਆਂ ਲਈ ਉਹ 30 ਮਾਰਚ 1940 ਨੂੰ ਜੌਹਲ ਨੂੰ ਲਿਖੀ ਚਿੱਠੀ ਵਿੱਚ ਲਿਖਦਾ ਹੈ:-

“ਮੈਨੂੰ ਕੋਈ ਜਾਣਕਾਰੀ ਨਹੀਂ ਕਿ ਮੇਰੇ ਲਈ ਨਿਵੇਦਕ ਤੇ ਵਕੀਲਾਂ ਦਾ ਪ੍ਰਬੰਧ ਕੌਣ ਕਰਦਾ ਹੈ। ਇਹ ਮੁਕੱਦਮਾ ਖਰਚੀਲਾ ਹੈ ਤੇ ਮੈਂ ਨਹੀਂ ਚਾਹੁੰਦਾ ਕਿ ਕੋਈ ਐਵੇਂ ਮੁਕੱਦਮੇ ਤੇ ਖਰਚ ਕਰੇ। ਮੈਂ ਹਰ ਸਜ਼ਾ ਝੱਲਣ ਲਈ ਤਿਆਰ ਹਾਂ, ਮੈਨੂੰ ਜਿੱਥੇ ਮਰਜ਼ੀ ਭੇਜਣ ਮੈਨੂੰ ਇਸ ਦੀ ਫਿਕਰ ਨਹੀਂ, ਫਿਰ ਲੋਕ ਮੇਰੇ ਲਈ ਕਿਉਂ ਖਰਚ ਕਰ ਰਹੇ ਹਨ? ਮੈਂ ਮਰਨ ਤੋਂ ਕਦੇ ਨਹੀਂ ਡਰਿਆ ਤੇ ਮੌਤ ਲਾੜੀ ਨਾਲ ਵਿਆਹ ਕਰਾਉਣ ਲਈ ਤਿਆਰ ਹਾਂ। ਮੈਨੂੰ ਰਤਾ ਵੀ ਅਫਸੋਸ ਨਹੀਂ ਕਿਉਂਕਿ ਮੈਂ ਆਪਣੇ ਵਤਨ ਦਾ ਸਿਪਾਹੀ ਹਾਂ। ਦਸ ਸਾਲ ਹੋ ਗਏ ਹਨ ਜਦੋਂ ਮੇਰਾ ਮਿੱਤਰ (ਭਗਤ ਸਿੰਘ) ਵਿੱਛੜ ਗਿਆ ਸੀ ਤੇ ਮੈਨੂੰ ਪਿੱਛੇ ਛੱਡ ਗਿਆ ਸੀ। ਮੈਨੂੰ ਪੱਕਾ ਯਕੀਨ ਹੈ ਕਿ ਮੌਤ ਪਿੱਛੋਂ ਮੈਂ ਉਸ ਨੂੰ ਮਿਲ ਸਕਾਂਗਾ।

.................................................।ਜੇ ਤੁਹਾਨੂੰ ਪਤਾ ਲੱਗੇ ਕਿ ਕਿਹੜੇ ਲੋਕ ਮੇਰੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਉਹਨਾਂ ਨੂੰ ਕਹੋ ਕਿ ਐਸਾ ਨਾ ਕਰਨ। ਮੈਨੂੰ ਖੁਸ਼ੀ ਹੋਵੇਗੀ ਜੇ ਉਹ ਇਹ ਰੁਪੈ 'ਕਾਤਲ' ਦੀ ਸਹਾਇਤਾ ਕਰਨ ਦੀ ਥਾਂ ਸਿੱਖਿਆ ਆਦਿ ਤੇ ਖਰਚ ਕਰਨ।”

ਇਸ ਤਰ੍ਹਾਂ ਸਾਨੂੰ ਉਸਦੇ ਸ਼ਬਦਾਂ ਵਿੱਚੋਂ ਉਸ ਦੀ ਸ਼ਖਸ਼ੀਅਤ ਸਾਫ਼ ਦਿਖਾਈ ਦਿੰਦੀ ਹੈ। ਉਹ ਬਿਲਕੁਲ ਨਹੀਂ ਚਾਹੁੰਦਾ ਕਿ ਉਸਦੇ ਬਚਾਅ'ਤੇ ਪੈਸੇ ਖਰਚੇ ਜਾਣ। ਮੌਤ ਤੋਂ ਉਸਨੂੰ ਬਿਲਕੁਲ ਵੀ ਡਰ ਨਹੀਂ ਲੱਗਦਾ। ਆਪਣੇ ਮਿੱਤਰ ਭਗਤ ਸਿੰਘ ਨੂੰ ਫਿਰ ਯਾਦ ਕਰਦਾ ਹੈ। ਭਗਤ ਸਿੰਘ ਦੀ ਫੋਟੋ ਵੀ ਉਹ ਆਪਣੇ ਬਟੂਏ ਵਿੱਚ ਰੱਖਦਾ ਰਿਹਾ। ਆਪਣੇ ਆਪ ਨੂੰ ਕਾਤਲ ਲਿਖਣਾ ਉਸ ਦੇ ਮਜ਼ਾਕੀਆ ਜਾਂ ਹਸਮੁੱਖ ਸੁਭਾਅ ਦਾ ਸੂਚਕ ਹੈ। ਊਧਮ ਸਿੰਘ ਇਹ ਵੀ ਚਾਹੁੰਦਾ ਹੈ ਕਿ ਉਸ ਦੇ ਬਚਾਅ'ਤੇ ਪੈਸੇ ਖਰਚਣ ਦੀ ਥਾਂ ਸਿੱਖਿਆ ਤੇ ਖਰਚੇ ਜਾਣ। ਜਿੱਥੋਂ ਪਤਾ ਲੱਗਦਾ ਹੈ ਕਿ ਉਹ ਆਪਣੇ ਦੇਸ਼ ਵਾਸੀਆਂ ਨੂੰ ਸਿੱਖਿਅਤ ਦੇਖਣਾ ਚਾਹੁੰਦਾ ਹੈ।

ਜਿਸ ਵੇਲੇ ਊਧਮ ਸਿੰਘ ਜੱਜ ਸਾਹਮਣੇ ਆਪਣੇ ਬਿਆਨ ਦਿੰਦਾ ਹੈ ਤਾਂ ਇੱਕ ਥਾਂ ਕਹਿੰਦਾ ਹੈ:-

**ਬਾਕੀ ਸਫ਼ਾ 18'ਤੇ...............**

*** ਯਤੀਮਖਾਨੇ ਵਿੱਚ ਦਾਖਿਲ ਹੋਣ ਦੀ ਮਿਤੀ**



# ਸ਼ਹੀਦ ਊਧਮ ਸਿੰਘ: ਕੁਛ ਤੱਥ

-ਜਸਵਿੰਦਰ ਸਿੰਘ ਹਿਸਟੋਰੀਅਨ

20ਵੀਂ ਸਦੀ ਵਿਚ ਦੇਸ਼ ਦੀ ਅਜ਼ਾਦੀ ਲਈ ਕਈ ਪੰਜਾਬ ਦੇ ਹੀਰਿਆਂ ਨੇ ਫਾਂਸੀਆਂ ਦੇ ਰੱਸੇ ਚੁੰਮੇ। ਜਿਨ੍ਹਾਂ ਉੱਤੇ ਸਾਰੇ ਹਿੰਦੁਸਤਾਨ, ਖਾਸ ਕਰ ਪੰਜਾਬ ਨੂੰ ਮਾਣ ਹੈ। ਇਹ ਸ਼ਹੀਦ ਹੀਰੇ ਪੰਜਾਬ ਲਈ ਚਮਕਦੇ ਸਿਤਾਰੇ ਤਾਂ ਹਨ ਹੀ, ਇਤਿਹਾਸ ਦੇ ਸੁਨਹਿਰੀ ਪੰਨੇ ਵੀ ਹਨ। ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀ ਅਤੇ ਸ਼ਹੀਦ ਊਧਮ ਸਿੰਘ ਦੇ ਨਾਂ ਮੁੱਖ ਤੌਰ ਤੇ ਵਰਣਨ ਯੋਗ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਤੋਂ ਪ੍ਰੇਰਣਾ ਲੈ ਕੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਨਿਡਰ ਹੋ ਕੇ ਬਸਤੀਵਾਦ ਅੰਗਰੇਜ ਸਰਕਾਰ ਵਿਰੁੱਧ ਘੋਲ ਕੀਤਾ ਅਤੇ ਸ਼ਹੀਦੀਆਂ ਪਾਈਆਂ। ਇਹਨਾਂ ਸਾਰਿਆਂ ਦੀਆਂ ਸ਼ਹੀਦੀਆਂ ਨੇ ਸ਼ਹੀਦ ਊਧਮ ਸਿੰਘ ਨੂੰ ਵੀ ਪ੍ਰੇਰਨਾ ਦਿੱਤੀ ਅਤੇ ਦੇਸ਼ ਲਈ ਮਰ ਮਿਟਣ ਦਾ ਜਜ਼ਬਾ ਭਰਿਆ ਸੀ। ਇਸ ਤਰ੍ਹਾਂ ਊਧਮ ਸਿੰਘ ਵੀ ਦੇਸ਼ ਦੀ ਸੁਤੰਤਰਤਾ ਲਈ ਜੀਵਨ ਵਾਰਨ ਵਾਲਿਆਂ ਦੇ ਸੁਨਿਹਰੀ ਪੰਨਿਆਂ ਵਿਚ ਦਾਖ਼ਿਲ ਹੋ ਗਿਆ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਈ. ਨੂੰ ਹੋਇਆ। ਛੋਟੇ ਹੁੰਦਿਆਂ ਹੀ ਉਸ ਦੇ ਮਾਤਾ ਪਿਤਾ ਚੜ੍ਹਾਈ ਕਰ ਗਏ ਸਨ ਅਤੇ ਉਸਦਾ ਪਾਲਣ ਪੋਸ਼ਣ ਅਤੇ ਪੜ੍ਹਾਈ ਅੰਮ੍ਰਿਤਸਰ ਦੇ ਅਨਾਥਾਲਯ ਵਿਚ ਹੋਇਆ। ਊਧਮ ਸਿੰਘ ਦੇ ਅੰਦਰ ਜੋ ਦੇਸ਼ ਪਿਆਰ ਦਾ ਬੀਜ ਬਿੰਦੂ ਸੀ, ਉਸਨੂੰ ਸ਼ੁਰੂ ਵਿਚ ਹਵਾ ਦੇਣ ਵਾਲਾ ਇਕ ਨਾਮਧਾਰੀ ਸੀ, ਸੰਤ ਹਰਨਾਮ ਸਿੰਘ। ਊਧਮ ਸਿੰਘ ਦੇ ਆਪਣੇ ਪੱਤਰਾਂ ਵਿੱਚ ਅਤੇ ਉਸ ਬਾਰੇ ਲਿਖੀਆਂ ਹੋਈਆਂ ਪੁਸਤਕਾਂ ਵਿਚ ਸੰਤ ਹਰਨਾਮ ਸਿੰਘ ਜੀ ਦਾ ਕੋਈ ਜਿਕਰ ਨਹੀਂ ਆਉਂਦਾ ਪਰ ਇਹ ਇੱਕ ਹਕੀਕਤ ਸੀ।

ਸੰਤ ਹਰਨਾਮ ਸਿੰਘ ਲਾਹੌਰ ਅੰਗਰੇਜਾਂ ਦੇ ਇਕ ਦਫਤਰ ਦੇ ਬਿਜਲੀ ਮਿਹਕਮੇ ਵਿੱਚ ਕੰਮ ਕਰਦਾ ਸੀ। ਕਾਰੀਗਰ ਪਿਛੋਕੜ ਦੇ ਹਰਨਾਮ ਸਿੰਘ ਦਾ ਪਿੰਡ ਔਲਖ ਬੇਹੀ ਸੀ ਜੋ ਹਰਿਗੋਬਿੰਦਪੁਰ ਦੇ ਨੇੜੇ ਹੈ 14ਕੁ ਸਾਲ ਦੀ ਉਮਰ ਵਿੱਚ ਹਰਨਾਮ ਸਿੰਘ ਦੇ ਘਰ ਦੀ ਵੰਡ ਦਾ ਝਗੜਾ ਹੋ ਗਿਆ ਅਤੇ ਉਹ ਘਰ ਛੱਡ ਕੇ ਲਾਹੌਰ ਚਲਾ ਗਿਆ। ਉਹਨਾਂ ਦਿਨਾਂ ਵਿੱਚ ਲਾਹੌਰ ਸ਼ਹਿਰ ਨਾਮਧਾਰੀ ਸਰਗਰਮੀਆਂ ਦਾ ਕੇਂਦਰ ਹੁੰਦਾ ਸੀ। ਹਰਨਾਮ ਸਿੰਘ ਨੂੰ ਕੀਰਤਨ ਦਾ ਸ਼ੌਂਕ ਹੁੰਦਾ ਸੀ ਅਤੇ ਉਸਦਾ ਪਿਛੋਕੜ ਨਾਮਧਾਰੀ ਨਹੀਂ ਸੀ। ਹਰਨਾਮ ਸਿੰਘ ਦਾ ਜਨਮ 1895ਈ. ਵਿਚ ਹੋਇਆ ਸੀ ਅਤੇ ਉਹ ਲਾਹੌਰ ਜਾਣ ਸਮੇਂ ਮੁੱਛ-ਫੁੱਟ ਨੌਜੁਆਨ ਸੀ। ਸ਼ਾਇਦ ਉਸਦੇ ਕੀਰਤਨ ਦਾ ਸ਼ੌਂਕ ਉਸਨੂੰ ਨਾਮਧਾਰੀਆਂ ਵੱਲ ਲੈ ਗਿਆ ਅਤੇ ਇਹ ਨਾਮਧਾਰੀ ਬਣ ਗਿਆ। ਨਾਮਧਾਰੀ ਪਹਿਰਾਵਾ ਰੱਖਦਾ ਨੌਕਰ ਹੋ ਗਿਆ। ਉਸ ਸਮੇਂ ਹਰਨਾਮ ਸਿੰਘ ਨਾਮਧਾਰੀ ਪਹਿਰਾਵੇ ਦੇ ਨਾਲ-ਨਾਲ ਆਪਣੇ ਕੋਲ ਸਰਬਲੋਹ ਦਾ ਗੜਵਾ ਡੋਰੀ ਰੱਖਦਾ ਸੀ।

1917 ਦੇ ਨੇੜੇ ਇੱਕ ਹੋਰ ਨੌਜਵਾਨ ਬਿਜਲੀ ਦੇ ਮਿਹਕਮੇ ਵਿੱਚ ਭਰਤੀ ਹੋ ਕੇ ਆਇਆ। ਇਹ ਨੌਜਵਾਨ ਊਧਮ ਸਿੰਘ ਸੀ। ਊਧਮ ਸਿੰਘ ਅਤੇ ਸੰਤ ਹਰਨਾਮ ਸਿੰਘ ਦੋਨੋਂ ਜਵਾਨ ਉਮਰ ਦੇ ਸਨ ਅਤੇ ਉਮਰ ਵੀ ਲਗਭਗ ਨੇੜੇ ਦੀ ਸੀ। ਹਰਨਾਮ ਸਿੰਘ ਊਧਮ ਸਿੰਘ ਤੋਂ ਕੁਝ ਸਾਲ ਵੱਡਾ ਸੀ। ਕਦੀ ਕਦੀ ਉਹ ਆਪਸ ਵਿੱਚ ਮਿਲ ਬੈਠਦੇ ਸੀ। ਇਕ ਵਾਰੀ ਇਸ ਤਰ੍ਹਾਂ ਬੈਠਿਆਂ ਹੋਇਆਂ ਊਧਮ ਸਿੰਘ ਨੇ ਸੰਤ ਹਰਨਾਮ ਸਿੰਘ ਨੂੰ ਪਹਿਰਾਵੇ ਅਤੇ ਗੜਵਾ ਡੋਰੀ ਰੱਖਣ ਬਾਰੇ ਪੁੱਛਿਆ। ਉਸ ਸਮੇਂ ਸੰਤ ਹਰਨਾਮ ਸਿੰਘ ਨੇ ਦੱਸਿਆ ਸੀ ਕਿ ਗੋਰਿਆਂ ਨੇ ਉਨ੍ਹਾਂ ਦੇ ਗੁਰੂ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਕੇ ਰੰਗੂਨ ਇਸ ਕਰਕੇ ਭੇਜ ਦਿੱਤਾ ਸੀ ਕਿ ਸਤਿਗੁਰੂ ਜੀ ਅੰਗ੍ਰੇਜਾਂ ਵਿਰੁੱਧ ਦੇਸ਼ ਦੀ ਆਜਾਦੀ ਦੀ ਲਹਿਰ ਚਲਾ ਰਹੇ ਸਨ। ਉਹਨਾਂ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਅੰਗ੍ਰੇਜਾਂ ਨੇ ਮਲੇਰਕੋਟਲੇ ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਸੀ ਅਤੇ ਕਈਆਂ ਨੂੰ ਫਾਂਸੀ ਦੇ ਦਿੱਤੀ ਸੀ। ਊਧਮ ਸਿੰਘ ਉਤੇ ਇਸ ਗੱਲ ਦਾ ਪ੍ਰਭਾਵ ਪਿਆ ਅਤੇ ਜਦੋਂ ਜਲ੍ਹਿਆਂਵਾਲੇ ਬਾਗ ਦਾ ਸਾਕਾ ਹੋਇਆ ਸੀ। ਨੌਜਵਾਨ ਊਧਮ ਸਿੰਘ ਨੇ ਇੱਕ ਵਾਰੀ ਹਰਨਾਮ ਸਿੰਘ ਨਾਲ ਗੱਲ ਕਰਦਿਆਂ ਹੋਇਆਂ ਕਿਹਾ ਸੀ ਕਿ ਅਗਰ ਉਸਨੂੰ ਮੌਕਾ ਮਿਲਿਆ ਤਾਂ ਨਿਰਦੋਸ਼ਾਂ ਨੂੰ ਮਾਰਨ ਵਾਲਿਆਂ ਤੋਂ ਬਦਲਾ ਲਵੇਗਾ।

1919ਈ. ਵਿੱਚ ਅਫਗਾਨਿਸਤਾਨ ਵੱਲ ਗੜਬੜ ਸਮੇਂ ਨੌਰਥ-ਵੈਸਟ ਫਰੰਟੀਅਰ ਤੇ ਬਹੁਤ ਸਾਰੇ ਲੋਕਾਂ ਦੀ ਡਿਊਟੀ ਲੱਗ ਗਈ ਬਿਜਲੀ ਵਿਵਸਥਾ ਠੀਕ ਕਰਨ ਲਈ ਹਰਨਾਮ ਸਿੰਘ ਦੀ ਡਿਊਟੀ ਲੱਗ ਗਈ ਅਤੇ ਨਾਲ ਹੀ ਊਧਮ ਸਿੰਘ ਦੀ ਵੀ ਡਿਊਟੀ ਲੱਗ ਗਈ। ਉੱਥੇ ਇੱਕ ਮਾਲ ਗੱਡੀ ਦੇ ਡੱਬੇ ਵਿੱਚ ਜਰਨੇਟਰ ਲੱਗਿਆ ਹੋਇਆਂ ਸੀ, ਜਿਥੋਂ ਬਿਜਲੀ ਸਪਲਾਈ ਜਾਂਦੀ ਸੀ। ਸੰਤ ਹਰਨਾਮ ਸਿੰਘ ਮੇਰੇ ਨਾਨਾ ਜੀ ਸਨ ਅਤੇ ਬਚਪਨ ਵਿਚ ਜਦੋਂ ਮੈਂ ਪੰਜਵੀਂ ਵਿਚ ਰਾਜਪੁਰੇ ਪੜ੍ਹਦਾ ਹੁੰਦਾ ਸੀ ਅਤੇ ਨਾਨਾ ਹਰਨਾਮ ਸਿੰਘ ਕੁਝ ਦਿਨ ਰਹਿਣ ਲਈ ਬਟਾਲੇ ਤੋਂ ਆਉਂਦੇ ਹੁੰਦੇ ਸੀ। ਉਦੋਂ ਇਹ ਸਾਰੀਆਂ ਗੱਲਾਂ ਦੱਸਦੇ ਹੁੰਦੇ ਸੀ। ਵਜ਼ੀਰਿਸਤਾਨ ਦੀ ਗੜਬੜ ਖ਼ਤਮ ਹੋ ਜਾਣ ਤੇ ਦੋਨੋਂ ਨੌਜਵਾਨ ਵਾਪਿਸ ਲਾਹੌਰ ਆ ਗਏ। ਸਰਕਾਰ ਨੇ ਜੋ ਵੀ ਵਜ਼ੀਰਿਸਤਾਨ ਗਏ ਸਨ ਅਤੇ ਚੰਗਾ ਕੰਮ ਕੀਤਾ ਸੀ ਉਨ੍ਹਾਂ ਨੂੰ ਇਨਾਮ ਵਜੋਂ ਹਰ ਵਿਅਕਤੀ ਨੂੰ 50 ਰੁਪਏ ਨਕਦ ਜਾਂ ਚਾਂਦੀ ਦੇ ਮੈਡਲ, ਜੋ ਵੀ ਉਹ ਚਾਹੁਣ, ਦੇਣ ਦਾ ਫੈਂਸਲਾ ਕੀਤਾ। 50ਰੁਪਏ ਉਹਨਾਂ ਦਿਨਾਂ ਵਿੱਚ ਵੱਡੀ ਰਕਮ ਹੁੰਦੀ ਸੀ। ਜਿਆਦਾਤਰ ਨੇ ਵਿਚਾਰਿਆ ਕਿ 50 ਰੁਪਏ ਤਾਂ ਖਰਚ ਹੋ ਜਾਣੇ ਹਨ,ਮੈਡਲ ਚਾਂਦੀ ਦਾ ਲੈ ਲਿਆ ਜਾਵੇ ਤਾਂ ਜੋ ਯਾਦ ਬਣੀ ਰਹਿ ਸਕੇ। ਊਧਮ ਸਿੰਘ ਨੇ ਵੀ ਮੈਡਲ ਹੀ ਲੈਣ ਦਾ ਨਿਸਚਾ ਕੀਤਾ। ਇਸ ਤਰ੍ਹਾਂ ਸੰਤ ਹਰਨਾਮ ਸਿੰਘ ਅਤੇ ਊਧਮ ਸਿੰਘ ਨੇ ਮੈਡਲ ਲੈ ਲਿਆ। ਇਸ ਚਾਂਦੀ ਦੇ

ਮੈਡਲ ਦੇ ਇਕ ਪਾਸੇ ਜਾਰਜ ਪੰਚਮ ਦੀ ਤਸਵੀਰ ਹੈ ਅਤੇ ਦੂਜੇ ਪਾਸੇ ਵਜ਼ੀਰਿਸਤਾਨ ਦੀਆਂ ਪਹਾੜੀਆਂ ਹਨ ਅਤੇ ਥੱਲੇ ਇੰਡੀਆ ਲਿਖਿਆ ਹੋਇਆ ਹੈ। ਮੋਟਾਈ ਵਾਲੇ ਪਾਸੇ ਮੈਡਲ ਲੈਣ ਵਾਲੇ ਦਾ ਨਾ ਲਿਖਿਆ ਹੋਇਆ ਹੈ। ਮੇਰੇ ਨਾਨੇ ਦਾ ਨਾਮ ਸੰਤ ਹਰਨਾਮ ਸਿੰਘ ਲਿਖਿਆ ਹੋਇਆ ਹੈ।

ਇਕ ਵਾਰੀ ਅਜੀਤ ਸਮਾਚਾਰ ਪੱਤਰ ਵਿਚ ਲਗਪਗ 40ਕੁ ਸਾਲ ਪਹਿਲਾਂ ਇਕ ਮੈਡਲ ਦੀ ਫੋਟੋ ਛਪੀ ਸੀ, ਜੋ ਹੂ-ਬ-ਹੂ ਹਰਨਾਮ ਸਿੰਘ ਦੇ ਮੈਡਲ ਵਰਗੀ ਸੀ। ਉਹ ਮੈਡਲ ਊਧਮ ਸਿੰਘ ਸ਼ਹੀਦ ਦਾ ਸੀ। ਉਸ ਸਮੇਂ ਮੈਨੂੰ ਨਾਨਾ ਜੀ ਦੇ ਮੈਡਲ ਦੀ ਯਾਦ ਆਈ। ਮੇਰੇ ਨਾਨਾ ਜੀ ਤਾਂ ਚੜ੍ਹਾਈ ਕਰ ਚੁੱਕੇ ਸਨ, ਮੇਰੇ ਛੋਟੇ ਮਾਮਾ ਤੇਜਾ ਸਿੰਘ ਨੇ ਉਹ ਮੈਡਲ ਸਾਂਭਿਆ ਹੋਇਆ ਸੀ। ਮੈਂ ਬਾਰ ਬਾਰ ਬੇਨਤੀ ਕਰਕੇ ਮਾਮੇ ਪਾਸੋਂ ਉਹ ਮੈਡਲ ਲੈ ਲਿਆ, ਜੋ ਅੱਜ ਤੀਕ ਮੇਰੇ ਪਾਸ ਹੈ।

ਇਕ ਗੱਲ ਹੋਰ। ਚੌਥੀ ਪੰਜਵੀਂ ਪੜ੍ਹਦੇ ਸਮੇਂ ਮੈਨੂੰ ਨਾਨਾ ਜੀ ਨੇ ਇਕ ਫੋਟੋ ਦਿਖਾਈ ਸੀ, ਜੋ ਵਜ਼ੀਰਿਸਤਾਨ ਦੀ ਗੜਬੜ ਸਮੇਂ ਉੱਥੇ ਕਿਸੇ ਨੇ ਖਿੱਚੀ ਸੀ। ਉਸ ਫੋਟੋ ਵਿੱਚ ਦੋ ਨੌਜਵਾਨ ਰੇਲਗੱਡੀ ਦੇ ਡੱਬੇ ਬਾਹਰ ਰੇਲਵੇ ਲਾਇਨ ਤੇ ਬੈਠੇ ਹੋਏ ਸੀ ਅਤੇ ਨਾਲ ਹੀ ਮਾਲਗੱਡੀ ਦੇ ਡੱਬੇ ਵਿਚ ਲੱਗਿਆ ਹੋਇਆ ਜਰਨੇਟਰ ਦਾ ਇਕ ਹਿੱਸਾ ਵੀ ਨਜ਼ਰ ਆਉਂਦਾ ਸੀ। ਇਹ ਫੋਟੋ 4"×3"ਸਾਈਜ਼ ਦੀ ਸੀ ਅਤੇ ਬੈਠੇ ਨੌਜਵਾਨ ਹਰਨਾਮ ਸਿੰਘ ਅਤੇ ਊਧਮ ਸਿੰਘ ਸੀ। ਉਸ ਸਮੇਂ ਜਿਆਦਾ ਸਿਆਣਪ ਨਹੀਂ ਸੀ ਅਤੇ ਉਹ ਫੋਟੋ ਸਮੇਂ ਦੀ ਗਰਦ ਵਿੱਚ ਗੁਆਚ ਗਈ।

ਵਾਪਸ ਲਾਹੌਰ ਆ ਕੇ ਥੋੜੇ ਸਮੇਂ ਬਾਅਦ ਉਹ ਨੌਜਵਾਨ ਊਧਮ ਸਿੰਘ ਕਿਤੇ ਚਲਾ ਗਿਆ। ਮੈਡਲ ਲੈਣ ਵਾਲਿਆਂ ਨੂੰ ਉਸ ਸਮੇਂ ਤੋਂ ਦੂਸਰੇ ਦਰਜੇ ਵਿਚ ਸਫਰ ਕਰਨ ਦੀ ਆਗਿਆ ਹੋ ਗਈ ਸੀ। ਜਦੋਂ ਵੀ ਸੰਤ ਹਰਨਾਮ ਸਿੰਘ ਜੀ ਸਾਡੇ ਪਾਸ ਆਉਂਦੇ ਸਨ ਅਤੇ ਵਾਪਸੀ ਵੇਲੇ ਮੈਂ ਉਨ੍ਹਾਂ ਨੂੰ ਰੇਲਗੱਡੀ ਵਿਚ ਚੜਾਉਣ ਜਾਂਦਾ ਸੀ, ਨਾਨਾ ਜੀ ਮੈਨੂੰ ਕਹਿੰਦੇ ਸਨ- ਕਾਕਾ ਮੈਨੂੰ ਦੋ ਲੀਕਾਂ ਵਾਲੇ ਡੱਬੇ ਵਿਚ ਚੜਾਈਂ। ਉਦੋਂ ਹੀ ਉਨ੍ਹਾਂ ਦੱਸਿਆ ਸੀ ਕਿ ਇਕ ਨੌਜੁਆਨ ਮੇਰੇ ਨਾਲ ਕੰਮ ਕਰਦਾ ਹੁੰਦਾ ਸੀ, ਜਿਸ ਨੇ ਵਲੈਤ ਜਾ ਕੇ ਗੋਰੇ ਨੂੰ ਮਾਰਿਆ ਸੀ, ਇਸ਼ਾਰਾ ਊਧਮ ਸਿੰਘ ਵੱਲ ਸੀ।

ਦੂਸਰਾ ਸਰ ਮਾਇਕਲ-ਓ-ਡਵਾਇਰ। ਸਰ ਮਾਇਕਲ-ਓ-ਡਵਾਇਰ ਉਸ ਸਮੇਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਹੁੰਦਾ ਸੀ। ਉਸ ਨੇ ਜਲ੍ਹਿਆਂਵਾਲੇ ਬਾਗ ਵਿੱਚ ਨਿਹੱਥੇ ਲੋਕਾਂ ਤੇ ਗੋਲੀਆਂ ਚਲਾ ਕੇ ਸ਼ਹੀਦ ਕਰ ਦੇਣ ਨੂੰ ਠੀਕ ਦੱਸਿਆ ਸੀ ਜਦੋਂ ਕਿ ਹਿੰਦ ਦੇ ਵਾਇਸਰਾਇ, ਇੰਡੀਆ ਆਫ਼ਿਸ ਲੰਡਨ ਅਤੇ ਇੰਗਲੈਂਡ ਦੀ ਹਾਊਸ ਆਫ ਕਾਮਨਜ਼ ਨੇ ਡਾਇਰ ਦੇ ਕੰਮ ਦੀ ਨਖੇਧੀ ਕੀਤੀ ਸੀ। ਜਿਸ ਤਰ੍ਹਾਂ ਮਲੇਰਕੋਟਲੇ ਕਾਵਨ ਦੇ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦੇਣ ਦੀ ਸਭ ਨੇ ਨਖੇਧੀ ਕੀਤੀ ਸੀ। ਇਸ ਤਰ੍ਹਾਂ ਡਾਇਰ ਅਤੇ ਸਰ ਮਾਇਕਲ-ਓ-ਡਵਾਇਰ ਦੋਨੋਂ ਊਧਮ ਸਿੰਘ ਦੇ ਨਿਸ਼ਾਨੇ ਤੇ ਸਨ। ਡਾਇਰ ਨੂੰ ਨੌਕਰੀ ਛੱਡਣੀ ਪਈ ਸੀ ਅਤੇ ਉਹ ਇੰਗਲੈਂਡ ਜਾ ਕੇ ਕੁਦਰਤੀ ਮੌਤ ਮਰ ਗਿਆ, ਪਰ ਮਾਇਕਲ-ਓ-ਡਵਾਇਰ ਜੀਂਦਾ ਸੀ ਅਤੇ ਉਸ ਨੂੰ ਊਧਮ ਸਿੰਘ ਮਾਰਨ ਦੇ ਮੌਕੇ ਦੀ ਤਾਕ ਵਿਚ ਸੀ। ਊਧਮ ਸਿੰਘ ਜੋ ਉਸਨੂੰ 13 ਮਾਰਚ 1940 ਨੂੰ ਮਿਲ ਗਿਆ।

ਊਧਮ ਸਿੰਘ ਨੇ ਆਪਣੇ ਕਾਰਜ ਦੀ ਪੂਰਤੀ ਲਈ ਇੱਕ ਪਿਸਤੌਲ ਦਾ ਪ੍ਰਬੰਧ ਕੀਤਾ ਹੋਇਆ ਸੀ। ਘਟਨਾ ਵਾਲੇ ਦਿਨ ਮਾਇਕਲ-ਓ-ਡਵਾਇਰ ਕੈਕਸਟਨ ਹਾਲ ਵਿਚ ਇਕ ਜਲਸੇ ਵਿਚ ਤਕਰੀਰ ਕਰ ਰਿਹਾ ਸੀ ਅਤੇ ਇਸ ਤਕਰੀਰ ਵਿਚ ਵੀ ਉਹ ਜਲ੍ਹਿਆਂਵਾਲੇ ਬਾਗ ਦੇ ਕਾਂਡ ਨੂੰ ਜਾਇਜ਼ ਠਹਿਰਾ ਰਿਹਾ ਸੀ। ਜਦੋਂ ਊਧਮ ਸਿੰਘ ਨੇ ਉਸ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ। ਊਧਮ ਸਿੰਘ ਨੇ ਮਾਇਕਲ-ਓ-ਡਵਾਇਰ ਨੂੰ ਮਾਰ ਕੇ ਹੋਰ ਕਿਸੇ ਵੀ ਅੰਗਰੇਜ਼ ਵੱਲ ਪਿਸਤੌਲ ਦਾ ਮੂੰਹ ਨਹੀਂ ਸੀ ਕੀਤਾ ਤੇ ਉਥੇ ਹੀ ਖੜਾ ਰਿਹਾ। ਉਸ ਦਾ ਕਹਿਣਾ ਸੀ ਕਿ ਮੈਂ ਜੋ ਕਰਨਾ ਸੀ ਕਰ ਦਿੱਤਾ ਹੈ। ਹੁਣ ਤੁਸੀਂ ਜੋ ਕਰਨਾ ਏ ਕਰ ਲਵੋ। ਊਧਮ ਸਿੰਘ ਤੇ ਸੰਖੇਪ ਜਿਹਾ ਮੁਕੱਦਮਾ ਚਲਾਇਆ ਗਿਆ ਅਤੇ ਤਿੰਨ ਮਹੀਨੇ ਬਾਅਦ 31 ਜੁਲਾਈ ਨੂੰ ਫਾਂਸੀ ਦੇ ਦਿੱਤੀ ਗਈ।

ਆਪਣੇ ਆਖਰੀ ਦਿਨਾਂ ਵਿਚ ਊਧਮ ਸਿੰਘ ਨੇ ਆਪਣਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ ਸੀ। ਜਿਸ ਦਾ ਅਰਥ ਸੀ ਰਾਮ ਹਿੰਦੂਆਂ ਦਾ, ਮੁਹੰਮਦ ਮੁਸਲਮਾਨਾਂ ਦਾ, ਸਿੰਘ ਸਿੱਖਾਂ ਦਾ ਅਤੇ ਆਜ਼ਾਦ ਦਾ ਅਰਥ ਸੀ ਉਹ ਸੁਤੰਤਰਤਾ ਦੀ ਗਾਥਾ ਹੈ। ਇਕ ਤਰ੍ਹਾਂ ਨਾਲ ਊਧਮ ਸਿੰਘ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਸਭ ਵੱਲੋਂ ਬਦਲਾ ਲੈ ਲਿਆ ਸੀ। ਸਭ ਨੂੰ ਇਸ ਗੱਲ ਦਾ ਫਖ਼ਰ ਹੋਣਾ ਚਾਹੀਦਾ ਸੀ। ਇਸ ਤਰ੍ਹਾਂ ਹੋ ਨਹੀਂ ਰਿਹਾ।

ਊਧਮ ਸਿੰਘ ਸ਼ਹੀਦ ਹੋ ਗਿਆ ਦੇਸ਼ ਦੀ ਅਣਖ ਅਤੇ ਆਜ਼ਾਦੀ ਲਈ ਪਰ ਪਤਾ ਨਹੀਂ ਕਿਉਂ ਡਾਇਰ ਨੂੰ ਅਸੀਂ ਸਤਿਕਾਰ ਦਿੰਦੇ ਪੁਸਤਕਾਂ ਵਿੱਚ ਵੀ ਲਿਖਦੇ ਹਾਂ। ਇਹ ਗੱਲ ਮੈਨੂੰ ਸਮਝ ਨਹੀਂ ਆਉਂਦੀ। ਜਲ੍ਹਿਆਂਵਾਲੇ ਬਾਗ ਦੇ ਸਮੇਂ ਡਾਇਰ ਕਰਨਲ ਸੀ ਜਨਰਲ ਤਾਂ ਉਹ ਕਦੇ ਵੀ ਨਹੀਂ ਰਿਹਾ। ਨੌਕਰੀ ਛੱਡਣ ਤੋਂ ਬਾਅਦ ਵੀ ਉਸ ਨੂੰ ਜਨਰਲ ਦਾ ਆਨਰੇਰੀ ਰੈਂਕ ਨਹੀਂ ਸੀ ਦਿੱਤਾ ਗਿਆ ਫੇਰ ਕਿਉਂ ਅਸੀਨ ਉਸਨੂੰ 'ਜਨਰਲ ਡਾਇਰ' ਕਹਿ ਕੇ ਉਸਦੇ ਨਾਂ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਾਂ।

**ਸੰਪਰਕ- 98102-17696**

# ਸੁੱਚੇ ਮੋਤੀ

✪ ਛੋਟੀਆਂ ਯੋਜਨਾਵਾਂ ਨਾ ਬਣਾਓ, ਉਹਨਾਂ ਵਿੱਚ ਇਨਸਾਨਾਂ ਦੇ ਦਿਲਾਂ ਵਿੱਚ ਜੋਸ਼ ਭਰਨ ਵਾਲਾ ਜਾਦੂ ਨਹੀਂ ਹੁੰਦਾ। ਵੱਡੀਆਂ ਯੋਜਨਾਵਾਂ ਬਣਾਓ, ਪੂਰੀ ਉਮੀਦ ਦੇ ਨਾਲ ਉਚਾਈ ਵੱਲ ਵਧੋ ਅਤੇ ਕੰਮ ਕਰੋ।

**ਡੇਨਿਅਲ ਐਚ. ਬਰਨਹਮ**

✪ ਅਸੀਂ ਜਿਨ੍ਹਾਂ ਕੰਮਾਂ ਨੂੰ ਲਗਾਤਾਰ ਕਰਦੇ ਹਾਂ, ਸਾਡੀ ਸ਼ਖਸ਼ੀਅਤ ਉਨ੍ਹਾਂ ਦੇ ਹੀ ਮੁਤਾਬਿਕ ਢਲ ਜਾਂਦੀ ਹੈ। ਸ਼੍ਰੇਸ਼ਟਤਾ ਕਿਸੇ ਇਕ ਕੰਮ ਨਾਲ ਨਹੀਂ, ਬਲਕਿ ਇੱਕ ਸਮੁੱਚੀ ਆਦਤ ਦੇ ਨਤੀਜੇ ਦੇ ਤੌਰ 'ਤੇ ਹਾਸਿਲ ਹੁੰਦੀ ਹੈ।

**ਅਰਸਤੂ**

✪ ਆਪਣੇ ਉੱਪਰ ਇਸ ਡਰ ਨੂੰ ਕਦੇ ਹਾਵੀ ਨਾ ਹੋਣ ਦਿਓ ਕਿ ਕਿਸੇ ਕੰਮ ਨੂੰ ਕਰਨ ਵਿੱਚ ਕਿੰਨਾ ਸਮਾਂ ਲੱਗੇਗਾ। ਉਹ ਸਮਾਂ ਕਿਸੇ ਨਾ ਕਿਸੇ ਤਰ੍ਹਾਂ ਬੀਤ ਹੀ ਜਾਵੇਗਾ, ਲੇਕਿਨ ਸਾਨੂੰ ਉਸ ਬੀਤਣ ਵਾਲੇ ਸਮੇਂ ਦਾ ਬਿਹਤਰ ਤੋਂ ਬਿਹਤਰ ਉਪਯੋਗ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਅਰਲ ਨਾਈਟਿੰਗਲ**

# ਸ਼ਹੀਦ ਊਧਮ ਸਿੰਘ

ਓਡਵੈਰ ਦੇ ਜਲਸੇ ਇਗੰਲੈਂਡ ਅੰਦਰ
ਊਧਮ ਸਿੰਘ ਸਰਦਾਰ ਜਾ ਬਹਿ ਗਿਆ ਏ।
ਸਾਹਵੇਂ ਸੀਨ ਆਇਆ ਬਾਗ ਜ਼ਲ੍ਹਿਆਂ ਦਾ
ਗੱਲ ਮੂੰਹੋਂ ਭੈੜੀ ਬਿਲਾ ਕਹਿ ਗਿਆ ਏ।
ਬਦਲਾ ਲਿਆ ਊਧਮ ਸਿੰਘ ਮਾਰ ਗੋਲੀ
ਖੂਨ ਪਾਣੀ ਦੇ ਵਾਂਗਰਾਂ ਵਹਿ ਗਿਆ ਏ।
ਕਹਿਣ ਲੱਗਾ ਮਾਂ ਧਰਤ ਪੰਜਾਬ ਦੀ ਨੂੰ
ਮੇਰੇ ਸਿਰੋਂ ਤੇਰਾ ਕਰਜ਼ਾ ਲਹਿ ਗਿਆ ਏ।

ਜੋ ਜੀ ਕਰਦਾ ਬਿੱਲਿਓ ਕਰੋ ਰੱਖ ਕੇ
ਸਾਵਾਂ ਕਰਨਾ ਜੇ ਬੇਸ਼ੱਕ ਵਿਹਾਰ ਕਰ ਲਉ।
ਹੱਥੀਂ ਦੇ ਨਾਂ ਮੈਂ ਫੜੋ ਪਿਸਤੌਲ ਮੈਥੋਂ
ਆਪਣੀ ਰੀਝ ਦੇ ਨਾਲ ਹੀ ਵਾਰ ਕਰ ਲਉ।
ਘਾਣ ਕੀਤਾ ਸੀ ਬਿੱਲੇ ਬੇਦੋਸ਼ਿਆਂ ਦਾ
ਏਸ ਗੱਲ ਤੇ ਜ਼ਰਾ ਵਿਚਾਰ ਕਰ ਲਉ।
ਲਾਵੋ ਹੱਥ-ਕੜੀ ਤੇ ਭਾਵੇਂ ਮਾਰੋ ਗੋਲੀ
ਜੋ ਕੁਝ ਮਰਜ਼ੀ ਜੇ ਨਾਲ ਸਰਦਾਰ ਕਰ ਲਉ।

ਮੇਰੇ ਨਾਲ ਜੇਕਰ ਭਗਤ ਸਿੰਘ ਹੁੰਦਾ
ਸੁੱਕਾ ਇਕ ਵੀ ਇਥੋਂ ਨਾ ਜਾਣ ਦੇਂਦਾ।
ਬੰਬ ਮਾਰ ਕੇ ਸਾਰੇ ਉੱਡਾ ਦੇਂਦਾ
ਤੁਸਾਂ ਸਾਰਿਆਂ ਦਾ ਕਰ ਘਾਣ ਦੇਂਦਾ।
ਆਪਣੇ ਗਿਣ-ਗਿਣ ਕੇ ਬਦਲੇ ਉਹ ਲੈਂਦਾ
ਮੇਰੇ ਵਾਂਗਰਾਂ ਪਾ ਘਮਾਸਾਣ ਦੇਂਦਾ।
ਖ਼ੂਨੀ ਵਰਕੇ ਇਤਿਹਾਸ ਦੇ ਫੋਲ ਕੇ ਤੇ
ਇੱਕ-ਇੱਕ ਕਰਕੇ ਲਾਹ ਮਕਾਣ ਦੇਂਦਾ।

ਸਾਰੀ ਅਣਖ ਤੇ ਗ਼ੈਰਤ ਵੰਗਾਰ ਬਿੱਲੇ
ਤੇਰੀ ਮੰਜੀ ਦੀ ਢਿੱਲੀ ਏ ਦੌਣ ਹੋ ਗਈ।
ਲਾਵਾ ਫਟਿਆ ਜਵਾਲਾ ਦਾ ਭੈਣੀ ਸਾਹਿਬੋਂ
ਤੇਰੀ ਵੇਖ ਉਹਨੂੰ ਪਤਲੀ ਤੌਣ ਹੋ ਗਈ।
ਧਰਤੀ ਖੂਨ ਦੇ ਨਾਲ ਏ ਗਈ ਰੰਗੀ
ਛੇਕੋ-ਛੇਕ ਪੰਜਾਬ ਦੀ ਪੌਣ ਹੋ ਗਈ।
ਮੇਰੀ ਖ਼ਬਰ ਪੁੱਜੀ ਹਿੰਦੋਸਤਾਨ ਅੰਦਰ
ਗਿੱਠ ਉੱਚੀ ਪੰਜਾਬ ਦੀ ਧੌਣ ਹੋ ਗਈ।

ਰੱਸਾ ਫ਼ਾਂਸੀ ਦਾ ਪਾਕੇ ਗਲ ਅੰਦਰ
ਕਿੱਸਾ ਤੋਰਿਆ ਨਵੀਆਂ ਕਹਾਣੀਆਂ ਦਾ।
ਸ਼ਾਮਿਲ ਓਸ ਕਤਾਰ ਵਿਚ ਮੈਂ ਹੋਇਆ
ਪੂਰ ਲੰਘ ਗਿਆ ਜਿੱਥੋਂ ਦੇ ਹਾਣੀਆਂ ਦਾ।
ਭਾਰਤ ਮਾਂ ਦਾ ਹੋਇਆ ਅੱਜ ਦੁੱਧ ਸਫਲਾ
ਜ਼ਖ਼ਮ ਭਰੇਗਾ ਸੱਟਾਂ ਪੁਰਾਣੀਆਂ ਦਾ।
ਦੇਣਾ ਮੇਰਾ ਸੁਨੇਹਾ ਪੰਜਾਬੀਆਂ ਨੂੰ
ਬਦਲਾ ਲੈ ਮਰਿਆ ਪੰਜਾਂ ਪਾਣੀਆਂ ਦਾ।

ਬੁਜ਼ਦਿਲੋ ਕਾਇਰੋ ਗੱਲ ਸਮਝ ਲੈਣੀ
ਮੇਰੀ ਅਰਥੀ ਨੂੰ ਭਾਰਤ ਪੁਚਾ ਦਿਆ ਜੇ।
ਤੁਰਨ ਲੱਗਿਆਂ ਭਾਰਤ ਦਾ ਖਿੱਚ ਨਕਸ਼ਾ
ਥਾਂ ਕਫਨ ਦੀ ਅਰਥੀ ਤੇ ਪਾ ਦਿਆ ਜੇ।
ਪਾਵਨ ਪਾਕ ਪੰਜਾਬ ਦੀ ਧਰਤੀ ਵਾਲੀ
ਮਿੱਟੀ ਥੋੜੀ ਜਹੀ ਮੱਥੇ ਤੇ ਲਾ ਦਿਆ ਜੇ।
ਪੰਜਾਂ ਪਾਣੀਆਂ ਨਾਲ ਨੁਹਾਕੇ ਤੇ
'ਪ੍ਰੀਤ' ਅਗਨ ਦੀ ਭੇਟ ਚੜ੍ਹਾਦਿਆ ਜੇ।

**-ਗੁਰਦਿਆਲ ਸਿੰਘ ਪ੍ਰੀਤ**

**...........ਬਾਕੀ ਸਫ਼ਾ 14 ਦੀ (ਇੱਕ ਆਦਰਸ਼ਕ ਮਨੁੱਖ)**

"ਮੈਨੂੰ ਉਮੀਦ ਹੈ ਕਿ ਮੇਰੀ ਥਾਂ'ਤੇ ਮੇਰੇ ਹਜ਼ਾਰਾਂ ਦੇਸ਼ਵਾਸੀ ਮੁਲਕ ਆਜ਼ਾਦ ਕਰਾਉਣ ਲਈ ਤੇ ਗੰਦੇ ਕੁੱਤਿਆਂ ਨੂੰ ਮੁਲਕ 'ਚੋਂ ਬਾਹਰ ਕੱਢਣ ਲਈ ਅੱਗੇ ਆਉਣਗੇ। ਮੇਰਾ ਤੁਹਾਨੂੰ ਗੰਦੇ ਕੁੱਤੇ ਕਹਿਣ ਦਾ ਭਾਵ ਇਹ ਨਹੀਂ ਹੈ। ਪ੍ਰੰਤੂ ਤੁਹਾਡੀ ਸਰਕਾਰ ਜੋ ਭਾਰਤ ਵਿੱਚ ਹੈ ਉਸ ਵਿੱਚ ਬਹੁਤ ਸਾਰੇ ਲੋਕ ਐਸੇ ਹਨ। ਮੈਨੂੰ ਅੰਗਰੇਜ਼ ਲੋਕਾਂ ਵਿੱਰੁਧ ਕੋਈ ਗਿਲਾ ਨਹੀਂ ਹੈ ਮੇਰੀ ਇੰਗਲੈਂਡ ਦੇ ਕਾਮਿਆਂ ਮਜ਼ਦੂਰਾਂ ਨਾਲ ਹਮਦਰਦੀ ਹੈ। ਮੈਂ ਸਾਮਰਾਜੀ ਸਰਕਾਰ ਵਿਰੁੱਧ ਹਾਂ।"

ਇਹਨਾਂ ਸ਼ਬਦਾਂ ਤੋਂ ਵੀ ਊਧਮ ਸਿੰਘ ਵਿੱਚ ਕੁੱਟ-ਕੁੱਟ ਕੇ ਭਰੀ ਹੋਈ ਮਨੁੱਖਤਾ ਦਿਖਾਈ ਦਿੰਦੀ ਹੈ। ਊਧਮ ਸਿੰਘ ਨੂੰ ਪੁਲਿਸ ਦੁਆਰਾ ਜਦੋਂ ਨਾਮ ਪੁੱਛਿਆ ਜਾਂਦਾ ਹੈ ਤਾਂ ਉਹ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਹੀ ਦੱਸਦਾ ਹੈ। ਬਹੁਤੀਆਂ ਚਿੱਠੀਆਂ ਤੇ ਵੀ ਉਹ ਇਸੇ ਨਾਮ ਦੇ ਦਸਤਖ਼ਤ ਕਰਦਾ ਹੈ। ਪੁਲਿਸ ਬੇਸ਼ੱਕ ਉਸਨੂੰ ਦੱਸਦੀ ਹੈ ਕਿ ਤੇਰੀ ਸਾਰੀ ਜਾਣਕਾਰੀ ਤੇ ਸਾਰੇ ਨਾਂ ਜਾਣ ਲਏ ਹਨ। ਭਾਰਤ ਸਰਕਾਰ ਦੀ ਰਿਪੋਰਟ ਅਨੁਸਾਰ ਜਦੋਂ ਪੁਲਿਸ ਉਸਨੂੰ ਊਧਮ ਸਿੰਘ ਨਾਂ ਨਾਲ ਬੁਲਾਉਣ ਤੇ ਬਜ਼ਿੱਦ ਹੈ ਤਾਂ ਉਹ ਊਧਮ ਸਿੰਘ ਅਖਵਾ ਕੇ ਖੁਸ਼ ਨਹੀਂ ਹੁੰਦਾ।

ਇਸ ਤਰ੍ਹਾਂ ਆਜ਼ਾਦ, ਪੜ੍ਹੇ ਲਿਖੇ ਤੇ, ਮਾਨਵੀ ਗੁਣਾਂ ਨਾਲ ਭਰਪੂਰ ਭਾਰਤੀ ਸਮਾਜ ਦੇਖਣ ਦਾ ਇਛੁੱਕ, ਭਾਰਤ ਮਾਂ ਦਾ ਇਹ ਲਾਲ, ਆਪਣੇ ਵਤਨ ਤੋਂ ਕੋਹਾਂ ਦੂਰ 31 ਜੁਲਾਈ 1940 ਨੂੰ ਇੰਗਲੈਂਡ ਦੀ ਪੈਟੋਨੀਵਿਲੇ ਜੇਲ੍ਹ ਵਿੱਚ ਅੰਗਰੇਜ਼ ਦੁਆਰਾ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

**-ਸੰਪਰਕ-98550-58178**

**........ਬਾਕੀ ਸਫ਼ਾ 11 ਦੀ (ਰੌਲਟ ਐਕਟ.......)**

ਨੋਟ :- ਜਲ੍ਹਿਆਂ ਵਾਲਾ ਬਾਗ ਵਿਚ 388 ਸ਼ਹੀਦਾਂ ਦੀ ਸੂਚੀ ਲੱਗੀ ਹੋਈ ਹੈ।

ਅੰਮ੍ਰਿਤਸਰ ਦੇ ਡੀ. ਸੀ. ਦਫਤਰ ਵਿੱਚ 484 ਸ਼ਹੀਦਾਂ ਦਾ ਜ਼ਿਕਰ ਹੈ।

ਸਰਕਾਰੀ ਅੰਕੜੇ 379 ਸ਼ਹੀਦਾਂ ਦੀ ਗੱਲ ਕਰਦੇ ਹਨ, ਜਿੰਨ੍ਹਾਂ ਵਿੱਚ 337 ਪੁਰਸ਼, 41 ਨਾਬਾਲਗ ਲੜਕੇ ਅਤੇ ਇੱਕ ਛੇ ਹਫਤੇ ਦਾ ਬੱਚਾ ਸ਼ਾਮਿਲ ਸੀ।

ਪੰ: ਮਦਨ ਮੋਹਨ ਮਾਲਵੀਆ ਅਨੁਸਾਰ ਘੱਟੋ ਘੱਟ 1300 ਲੋਕ ਸ਼ਹੀਦ ਅਤੇ 2000 ਜ਼ਖਮੀ ਹੋਏ। ਉਸ ਵੇਲੇ ਦੇ ਸਿਵਲ ਸਰਜਨ ਡਾ: ਸਮਿੱਥ ਅਨੁਸਾਰ ਸ਼ਹੀਦਾਂ ਦੀ ਗਿਣਤੀ 1800 ਤੋਂ ਉਪਰ ਸੀ।

-1997ਈ. ਵਿਚ ਮਹਾਰਾਣੀ ਅਲਿਜਾਬੇਥ ਨੇ ਸ਼ਹੀਦਾਂ ਦੀ ਯਾਦਗਾਰ 'ਤੇ ਹਾਜ਼ਿਰ ਹੋ ਕੇ ਸਰਧਾਂਜਲੀ ਭੇਟ ਕੀਤੀ।

- 2013 ਵਿੱਚ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਾਨ ਵੀ ਇਸ ਸਮਾਰਕ 'ਤੇ ਆਏ। ਉਨ੍ਹਾਂ ਨੇ ਵੀ ਵਿਜ਼ੀਟਰ ਬੁੱਕ ਤੇ ਇਹ ਸ਼ਬਦ ਲਿਖੇ, "ਇਹ ਬ੍ਰਿਟਿਸ਼ ਸਾਮਰਾਜ ਦੀ, ਇਕ ਸ਼ਰਮਨਾਕ ਘਟਨਾ ਸੀ।"

**..................ਬਾਕੀ ਸਫ਼ਾ 21 ਦੀ (ਦੱਤਾ ਤ੍ਰੇਯ)**


"ਧੂਅਰੋ ਜਗ ਧਉਲਰ ਜਾਨ ਜਟੀ॥
ਕਛੁ ਅਉਰ ਕ੍ਰਿਆ ਇਹ ਭਾਂਤਿ ਠਟੀ॥
ਸਧਿ ਕੈ ਪਵਨੈ ਰਿਖਿ ਜੋਗ ਬਲੰ॥
ਤਜ ਚਾਲ ਕਲੇਵਰ ਭੂਮਿ ਤਲੰ॥
ਕਲ ਫੋਰ ਉਤਾਲ ਕਪਾਲ ਕਲੀ॥
ਤਿਹ ਜੋਤਿ ਸੁ ਜੋਤਿਹ ਮੱਧਿ ਮਿਲੀ॥

ਤਾਂ ਉਸਨੇ ਇਸ ਸੰਸਾਰ ਨੂੰ ਧੂੰਏ ਦਾ ਪਹਾੜ (ਨਾਸਵੰਤ) ਜਾਣ ਲਿਆ ਤਾਂ ਹੋਰ ਕ੍ਰਿਆ ਇਸ ਤਰ੍ਹਾਂ ਦੀ ਬਣਾ ਲਈ। ਰਿਖੀ ਨੇ ਆਪਣੇ ਜੋਗ ਦੇ ਬਲ ਨਾਲ ਸ੍ਵਾਸਾਂ ਨੂੰ ਇਕੱਠਾ ਕਰ ਲਿਆ, ਸਰੀਰ ਰੂਪੀ ਕਲੇਵਰ ਨੂੰ ਧਰਤੀ ਉੱਤੇ ਛੱਡ ਕੇ, ਕਪਾਲ ਭੰਨ ਕੇ ਦਸਮ ਦੁਆਰ ਤੋਂ ਬਾਹਰ ਹੋ ਗਏ ਅਤੇ ਜੋਤ ਅਕਾਲ ਪੁਰਖ ਦੀ ਜੋਤ ਵਿਚ ਮਿਲ ਗਈ। ਜਿਹੜੀ ਤਲਵਾਰ ਭਿਆਨਕ ਕਾਲ ਦੇ ਹੱਥ ਵਿਚ ਲਿਛਕਦੀ ਹੈ ਉਸ ਤੋਂ ਕੋਈ ਨਹੀਂ ਬਚ ਸਕਿਆ। ਕਲਗੀਧਰ ਪਾਤਸ਼ਾਹ ਜੀ "ਬਚਿਤ੍ਰ ਨਾਟਕ" ਵਿੱਚ ਵੀ ਇਸ ਬਾਰੇ ਫੁਰਮਾਂਦੇ ਹਨ- "ਐਸੋ ਨ ਕੈ ਗਯੋ ਕੋਈ ਸੁ ਦਾਵ ਰੇ ਜਾਹਿ ਉਪਾਵ ਸੋ ਘਾਵ ਬਚਈਐ"। ਤਾਂ ਇਸ ਤਰ੍ਹਾਂ ਮਹਾਂ ਇਖੀ ਦਾ ਅੰਤ ਹੋਇਆ।

"ਬ੍ਰਹਮ ਨਿਰੰਧਰ ਕੋ ਫੋਰ, ਮੁਨੀਸ ਕੀ ਜੋਤਿ,
ਸੁ ਜੋਤਿ ਕੇ ਮਧਿ ਮਿਲਾਨੀ॥
ਪ੍ਰੀਤ ਰਲੀ ਪ੍ਰਮੇਸਰ ਸੌ ਇਮ,
ਬੇਦਨ ਸੰਗਿ ਮਿਲ ਜਿਮ ਬਾਨੀ॥
ਪੁੰਨ ਕਥਾ ਮੁਨ ਨੰਦਾਨ ਕੀ,
ਕਹਿ ਕੈ ਮੁਖ ਸੋ ਕਬਿ ਸਜਾਮ ਬਖਾਨੀ॥
ਪੂਰਜ ਧਿਆਇ ਭਯੋ ਤਬ ਹੀ,
ਜਯ ਸ੍ਰੀ ਜਗਨਾਥ ਭਵੇਸ ਭਵਾਨੀ॥ (ਸਮਾਪਤੰ)

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

-ਸੰਤ ਇਕਬਾਲ ਸਿੰਘ ਮਨਚੰਦਾ


ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸ਼ੇਖੂਪੁਰੇ ਸੰਨ 1947 ਦੇ ਹੋਏ ਹੋਲੇ ਸਮੇਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਾਧ-ਸੰਗਤ ਵਿੱਚ ਖੜ੍ਹੋਕੇ ਇਹ ਆਪਣੇ ਮੁਖਾਰ-ਬਿੰਦ ਤੋਂ ਐਲਾਨ ਕੀਤਾ "ਆਪਣੇ ਬਾਲ-ਬੱਚਿਆਂ ਨੂੰ ਬਚਾਉਣ ਲਈ ਰਾਵੀ ਦਰਿਆ ਤੋਂ ਪਾਰ ਹੋ ਜਾਉ ਤੇ ਆਪਣਾ ਘਰਬਾਰ ਵੇਚ ਕੇ ਮਾਇਆ ਵੀ ਬਚਾ ਲਉ।" ਇਹ ਖ਼ਬਰਾਂ ਸੁਣ ਕੇ ਸਭ ਦਾ ਧਿਆਨ ਆਪਣੇ ਦੇਸ਼ ਤੇ ਰਿਸ਼ਤੇਦਾਰਾਂ ਵੱਲ ਜਾ ਪਿਆ ਤੇ ਕਈ ਪਰਿਵਾਰ ਜੋ ਦੇਸ਼ ਤੋਂ ਗਏ ਹੋਏ ਸੀ, ਉਹ ਵਾਪਿਸ ਸਿਆਮ ਨੂੰ ਆਉਣੇ ਸ਼ੁਰੂ ਹੋ ਗਏ। ਇੱਕ ਪਾਸੇ ਤਾਂ ਇਹ ਖ਼ੁਸ਼ੀ ਸੀ ਜੋ ਸਦੀਆਂ ਤੋਂ ਗ਼ੁਲਾਮ ਹੋਇਆ ਦੇਸ਼ ਆਜ਼ਾਦ ਹੋ ਰਿਹਾ ਹੈ ਤੇ ਦੂਜੇ ਪਾਸੇ ਪੱਛਮੀ ਪੰਜਾਬ ਵਿੱਚੋਂ ਫ਼ਸਾਦ ਦੀਆਂ ਖ਼ਬਰਾਂ ਵੀ ਪਹੁੰਚ ਰਹੀਆਂ ਸਨ।

ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਭਾਰਤੀ ਕੌਂਸਲ ਇੱਥੇ ਆ ਚੁੱਕਾ ਸੀ ਤੇ 14 ਅਗਸਤ ਦੀ ਰਾਤ ਨੂੰ ਨੌਜਵਾਨ ਤਬਕੇ ਨੇ ਨਾਮਧਾਰੀ ਧਰਮਸ਼ਾਲਾ ਵਿੱਚ ਇਕੱਠਿਆਂ ਹੋ ਕੇ 'ਆਜ਼ਾਦੀ ਦਾ ਝੰਡਾ' ਝੁਲਾਉਣ ਦੀ ਰਸਮ ਨੂੰ ਰੇਡੀਉ ਰਾਹੀਂ ਸੁਣਿਆ ਤੇ ਫਿਰ ਉੱਥੇ ਹੀ ਇਸ਼ਨਾਨ ਕਰਕੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਵੀ ਕੀਤਾ ਸੀ। (ਖ਼ਾਸ ਨੋਟ:- ਉਸ ਦਿਨ ਬੰਕੋਕ ਦੀਆਂ ਕੁਲ ਟਰੇਨਾਂ (ਟਾਮ ਵੇਜ਼) ਦੀ ਆਵਾਜਾਈ ਹਰ ਇਕ ਲਈ ਇਸ ਆਜ਼ਾਦੀ ਦੀ ਖ਼ੁਸ਼ੀ ਵਿੱਚ ਭਾਰਤੀ ਜਨਤਾ ਵੱਲੋਂ Free of Charge ਕੀਤੀ ਗਈ ਤੇ ਬੰਕੋਕ ਵਿੱਚ ਇਹ ਇਸ ਤਰ੍ਹਾਂ ਦਾ ਪਹਿਲਾ ਮੌਕਾ ਸੀ ਜੋ ਇਸ ਖ਼ੁਸ਼ੀ ਦੇ ਜਸ਼ਨ ਵਿੱਚ ਸਭ ਪਬਲਿਕ ਨੂੰ ਸ਼ਾਮਿਲ ਕੀਤਾ ਗਿਆ ਸੀ)

ਅਜੇ ਇਸ ਖ਼ੁਸ਼ੀ ਨੂੰ ਤਿੰਨ-ਚਾਰ ਦਿਨ ਹੀ ਬਤੀਤ ਹੋਏ ਸਨ ਕਿ ਅਖ਼ਬਾਰਾਂ ਅਤੇ ਰੇਡੀਓ ਰਾਹੀਂ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਪੱਛਮੀ ਪੰਜਾਬ ਇੱਕ ਘੱਲੂਘਾਰੇ ਦਾ ਦ੍ਰਿਸ਼ ਬਣ ਗਿਆ ਹੈ। ਪਿੰਡਾਂ ਦੇ ਪਿੰਡ ਹਿੰਦੂ ਸਿੱਖ ਤਬਾਹ ਕੀਤੇ ਜਾ ਰਹੇ ਸਨ, ਲੜਕੀਆਂ ਦਾ ਪਤਨ ਹੋ ਰਿਹਾ ਸੀ ਅਤੇ ਇਨ੍ਹਾਂ ਖ਼ਬਰਾਂ ਕਰਕੇ ਹਰ ਇੱਕ ਨੂੰ ਆਪੋ-ਆਪਣੇ ਰਿਸ਼ਤੇਦਾਰ ਅਤੇ ਸੰਬੰਧੀਆਂ ਦਾ ਫ਼ਿਕਰ ਪੈ ਗਿਆ। ਤਕਰੀਬਨ ਇੱਕ ਮਹੀਨੇ ਤੱਕ ਫਿਰ ਹਾਲਤ ਕੁਝ ਸੁਧਰਨੇ ਸ਼ੁਰੂ ਹੋ ਗਏ ਤੇ ਆਈਆਂ ਚਿੱਠੀਆਂ ਤੋਂ ਪਤਾ ਲੱਗਾ ਕਿ ਬੰਕੋਕ ਦੇ ਪੁਰਾਣੇ ਵਸਨੀਕ ਸੰਤ ਖੜਕ ਸਿੰਘ, ਸੰਤ ਭਗਤ ਸਿੰਘ 'ਪ੍ਰੇਮੀ' ਸੇਖਵਾਂ ਵਾਲੇ ਤੇ ਇਨ੍ਹਾਂ ਦੇ ਘਰੋਂ ਇਸ ਘੱਲੂਘਾਰੇ ਵਿੱਚ ਮਾਰੇ ਗਏ ਹਨ ਪ੍ਰੰਤੂ ਇਹਨਾਂ ਦੇ ਚਾਰੋਂ ਬੱਚੇ ਬਚ ਗਏ ਹਨ। ਦੋ ਤਾਂ ਪਹਿਲਾਂ ਹੀ ਬੰਕੋਕ ਪਹੁੰਚ ਚੁੱਕੇ ਸਨ ਤੇ ਦੋ ਨੇ ਆਪਣੀ ਅੱਖੀਂ ਸਭ ਕੁਝ ਦੇਖਿਆ (ਇਨ੍ਹਾਂ ਵਿੱਚੋਂ ਇੱਕ ਸ. ਜਗਜੀਤ ਸਿੰਘ 'ਆਜ਼ਾਦ' ਬੰਕੋਕ ਦਾ ਪ੍ਰਸਿੱਧ ਰਾਗੀ ਹੈ ਤੇ ਸਤਿਗੁਰੂ ਜੀ ਦਾ ਜੱਸ ਕਰਦਾ ਹੈ। ਇਸ ਤਰ੍ਹਾਂ ਸਾਧ ਸੰਗਤ ਵਿੱਚ ਬਹੁਤ ਸਾਰੇ ਨਵੇਂ ਸਰੀਰਾਂ ਦੇ ਦਰਸ਼ਨ ਹੋਏ ਜੋ ਬੰਕੋਕ ਵਿੱਚ ਪਹਿਲਾਂ ਨਹੀਂ ਸੀ ਆਏ।

ਸੋ ਉਹਨਾਂ ਸਿੱਖਾਂ ਦੇ ਕੁਝ ਕੁ ਨਾਮ ਇਸ ਪ੍ਰਕਾਰ ਹਨ: ਸੰਤ ਜੀਉਣ ਸਿੰਘ ਜੀ ਤੇ ਉਨ੍ਹਾਂ ਦੇ ਸਪੁੱਤਰ ਰਤਨ ਸਿੰਘ ਤੇ ਇੰਦਰ ਸਿੰਘ ਚਾਵਲਾ ਪਰਿਵਾਰ ਸਹਿਤ, ਸੰਤ ਹਵੇਲਾ ਸਿੰਘ, ਦਿਆਲ ਸਿੰਘ, ਪਿਆਰਾ ਸਿੰਘ ਸਚਦੇਵ ਪਰਿਵਾਰ ਸਹਿਤ, ਸੰਤ ਨਿਹਾਲ ਸਿੰਘ ਗੋਰੋਵਾੜਾ ਦੇ ਸਪੁੱਤਰ ਮਹਿਲ ਸਿੰਘ, ਜੋਗਿੰਦਰ ਸਿੰਘ, ਅਵਤਾਰ ਸਿੰਘ, ਸੰਪੂਰਨ ਸਿੰਘ ਅਤੇ ਮਹਿੰਦਰ ਸਿੰਘ ਪਰਿਵਾਰ ਸਹਿਤ, ਸ. ਵਰਿਆਮ ਸਿੰਘ ਗੰਭੀਰ, ਗੁਰਮੁਖ ਸਿੰਘ, ਗਿਆਨੀ ਸੰਤੋਖ ਸਿੰਘ, ਸ.ਹਰਬੰਸ ਸਿੰਘ, ਹਜੂਰ ਸਿੰਘ ਪਰਿਵਾਰ ਸਹਿਤ, ਸ. ਮਹਿੰਦਰ ਸਿੰਘ ਗੋਰੋਵਾੜਾ, ਪਰਿਵਾਰ ਸਹਿਤ, ਸੰਤ ਹਰਨਾਮ ਸਿੰਘ ਗੋਰੋਵਾੜਾ, ਦਿਆਲ ਸਿੰਘ ਤੇ ਅਰਜਨ ਸਿੰਘ ਪਰਿਵਾਰ ਸਹਿਤ, ਸ. ਅਮਰ ਸਿੰਘ ਗੁਲਾਟੀ ਪਰਿਵਾਰ ਸਹਿਤ, ਸਰਦਾਰਾ ਸਿੰਘ ਪਰਿਵਾਰ ਸਹਿਤ, ਪੰਡਿਤ ਮਈਆ ਸਿੰਘ, ਜੋਗਿੰਦਰ ਸਿੰਘ, ਜਗਜੀਤ ਸਿੰਘ, ਸੇਵਾ ਸਿੰਘ ਪਰਿਵਾਰ ਸਹਿਤ, ਦਾਨ ਸਿੰਘ ਤਾਂਘੀ ਦਾ ਪਰਿਵਾਰ, ਸੁੰਦਰ ਸਿੰਘ 'ਸੇਖਵਾਂ' ਦਾ ਪਰਿਵਾਰ ਕਰਤਾਰ ਸਿੰਘ ਜਰਗਰ ਤੇ ਦਲੀਪ ਸਿੰਘ ਦਾ ਪਰਿਵਾਰ ਤੇ ਇਨ੍ਹਾਂ ਤੋਂ ਇਲਾਵਾ ਸੇਠਾਂ ਦੇ ਪਰਿਵਾਰ 'ਚੋਂ ਸੇਠ ਗੁਰਮੁਖ ਸਿੰਘ, ਸੇਠ ਦਿਆਲ ਸਿੰਘ, ਸੇਠ ਪਿਆਰਾ ਸਿੰਘ, ਵਜਿੰਦਰ ਸਿੰਘ, ਹਰਭਜਨ ਸਿੰਘ, ਸੇਠ ਸ਼ਮਸ਼ੇਰ ਸਿੰਘ, ਸੰਪੂਰਨ ਸਿੰਘ, ਅਵਤਾਰ ਸਿੰਘ ਅਤੇ ਸੇਠ ਅਜੀਤ ਸਿੰਘ ਜੀ ਵੀ ਆਏ। ਹੋਰ ਸਰੀਰ ਜੋ ਆਏ, ਉਨ੍ਹਾਂ ਵਿੱਚੋਂ ਸ. ਸੁਰਿੰਦਰ ਸਿੰਘ ਸਚਦੇਵ, ਮਨਜੀਤ ਸਿੰਘ, ਡਾ. ਦੀਵਾਨ ਸਿੰਘ ਦਾ ਪਰਵਿਾਰ, ਮੁਕੰਦ ਸਿੰਘ ਮਲਹੋਤਰਾ ਤੇ ਬਾਬਾ ਨਿਹਾਲ ਸਿੰਘ (ਕਪੂਰ ਸਿੰਘ ਦਾ ਪਿਤਾ) ਵੀ ਸਨ (ਜੋ ਨਾਮ ਯਾਦ ਹਨ, ਉਹ ਇੱਥੇ ਲਿਖ ਦਿੱਤੇ ਹਨ)। ਇਹ ਸੰਨ 1947 ਦੇ ਅਖ਼ੀਰਲੇ ਦਿਨ 'ਤੇ ਸੰਨ 1948 ਦੇ ਆਰੰਭ ਦੇ ਦਿਨਾਂ ਵਿੱਚ ਕੁਝ ਪਾਣੀ ਦੇ ਜਹਾਜ਼ ਰਾਹੀਂ, ਕੁਝ ਪੀਨਾਂਗ ਤੋਂ ਗੱਡੀ ਰਾਹੀਂ ਪਹੁੰਚੇ ਅਤੇ ਸਾਧ-ਸੰਗਤ ਵਿੱਚ ਕੀਰਤਨ ਦੀ ਰੁਚੀ ਹੋਰ ਵਧ ਗਈ। ਸਤਿਗੁਰੂ ਜੀ ਦੇ ਚਰਨਾਂ ਦੀ ਪ੍ਰੀਤ ਵਧਣ ਲੱਗੀ ਅਤੇ ਇਸ ਸਮੇਂ ਸੰਤ ਫੂਲਾ ਸਿੰਘ ਦੇ ਪਰਿਵਾਰ ਦੇ ਜੀਅ ਇੱਥੇ ਪਹਿਲਾਂ ਹੀ ਆ ਗਏ ਸਨ।

**(ਚੱਲਦਾ)............**

# ਰੁਦ੍ਰ ਅਵਤਾਰ: ਦੱਤਾਤ੍ਰੇਯ

-ਮਾਸਟਰ ਦਰਸ਼ਨ ਸਿੰਘ

ਹੁਣ ਜਟਾਂ ਦੇ ਧਾਰਣ ਕਰਨ ਵਾਲਾ ਦੱਤ ਅਗੇ ਚੱਲ ਪਿਆ ਅਤੇ ਸਿੰਙੀ ਦਾ ਬਣਿਆ ਨਾਦ ਵੱਜ ਰਿਹਾ ਹੈ, ਜਿਸ ਨੂੰ ਸੁਣ ਕੇ ਜੜ(ਰੁਖ, ਪਥੱਰ) ਆਦਿ ਵੀ ਸੁਚੇਤ ਹੋ ਗਏ ਅਤੇ ਜੋ ਜਾਨਦਾਰ ਸਨ, ਸੁਣ ਕੇ ਵੇਖ ਕੇ ਹੈਰਾਨ ਹੋ ਗਏ। ਜਿਹੜੇ ਜਿਹੜੇ ਰਸਤੇ'ਤੇ ਰਿਖੀ ਗਿਆ ਜਾਣੋ ਪ੍ਰੇਮ ਰੂਪੀ ਬਦਲਾਂ ਦੀ ਵਰਖਾ ਹੋ ਰਹੀ ਹੈ। ਅੱਗੇ ਜਾਂਦਿਆਂ ਕੀ ਵੇਖਿਆ:-

"ਤਹ ਇਕ ਲੱਖਾ ਸ਼ਾਹ ਧਨਵਾਨਾ॥
ਮਹਾਂ ਰੂਪ ਧਰਿ ਦਿਰਬ ਨਿਧਾਨਾ॥
ਮਹਾ ਜੋਤਿ ਅਰੁ ਤੇਜ ਅਪਾਰੂ॥
ਆਪ ਘੜਾ ਜਾਨੁਕ ਮੁਖਿ ਚਾਰੂ॥
ਬਿਕ੍ਰਿਅ ਬੀਚ ਅਧਿਕ ਸਵਧਾਨਾ॥
ਬਿਨ ਬਿਪਾਰ ਜਿਹ ਔਰ ਨ ਜਾਨਾ॥
ਆਸ ਅਨਰੁਕਤ ਤਾਸ ਬ੍ਰਿਤ ਲਾਗਾ॥
ਮਾਨੋ ਮਗ ਜੋਗ ਅਨੁਰਾਗਾ॥"

ਇਕ ਧਨਾਢ ਸ਼ਾਹੂਕਾਰ ਵੇਖਿਆ ਬਹੁਤ ਹੀ ਸੁੰਦਰ ਰੂਪ ਵਾਲਾ ਜਿਸਦੇ ਚਿਹਰੇ ਤੇ ਬਹੁਤ ਤੇਜ ਸੀ ਮਾਨੋ ਜੋਤ ਜਗ ਰਹੀ ਸੀ। ਇਉਂ ਜਾਪਦਾ ਸੀ ਇਸਨੂੰ ਚਾਰ ਮੂੰਹ ਵਾਲੇ ਬ੍ਰਹਮਾ ਨੇ ਆਪ ਹੱਥੀਂ ਬਣਾਇਆ ਹੋਵੇ। ਸੌਦਾ ਵੇਚਨ ਵਿੱਚ ਬੜਾ ਹੁਸ਼ਿਆਰ ਸੀ। ਉਹ ਬਿਨਾਂ ਵਪਾਰ ਤੋਂ ਹੋਰ ਕੁਝ ਜਾਣਦਾ ਹੀ ਨਹੀਂ ਸੀ। ਆਪਣੇ ਵਪਾਰ ਦੇ ਕੰਮ ਵਿਚ ਐਸੀ ਬਿਰਤੀ ਲਗੀ ਹੋਈ ਸੀ ਜਾਣੋ ਕਿਸੇ ਵਡੇ ਜੋਗੀ ਦਾ ਧਿਆਨ ਟਿਕਿਆ ਹੋਵੇ। ਰਿਖੀ ਜੀ ਆਪਣੇ ਚੇਲਿਆਂ ਸਮੇਤ ਉਥੇ ਚਲੇ ਗਏ ਉਸ ਸ਼ਾਹੂਕਾਰ ਦੇ ਕੋਲ ਬੇਅੰਤ ਧਨ ਸੀ। ਜੋ ਗਿਣਿਆ ਨਹੀਂ ਸੀ ਜਾਂਦਾ। ਮਹਾਂ ਰਿਖੀ (ਦੱਤ) ਆਪਨੇ ਸੰਨਿਆਸੀ ਸਾਧੂਆਂ ਸਮੇਤ ਉਸ ਦੇ ਦਰ ਤੇ ਬੈਠ ਗਏ।

"ਸਾਹ ਸੁ ਦਿਰਬ ਬ੍ਰਿਤ ਲਗ ਰਹਾ॥
ਰਿਖਨ ਓਰ ਤਿਨ ਚਿਤਯੋ ਨ ਕਹਾ॥
ਨੇਤ੍ਰ ਮੀਚ ਏਕੈ ਧਨਿ ਆਸਾ॥
ਐਸ ਜਾਨੀਅਤ ਮਹਾ ਉਦਾਸਾ॥"

ਸਾਹੂਕਾਰ ਆਪਣੇ ਧਨ ਦੀ ਗਿਣਤੀ ਵਿਚ ਲਗਾ ਰਿਹਾ। ਹੋਰ ਲੋਕ ਤਾਂ ਆ ਆ ਕੇ ਰਿਖੀ ਦੇ ਚਰਨ ਪਰਸਦੇ ਮਥਾ ਟੇਕਦੇ ਪਰ ਸ਼ਾਹ ਨੂੰ ਇਹਨਾਂ ਦਾ ਪਤਾ ਹੀ ਨਹੀਂ ਲੱਗਾ। ਧਨ ਦੀ ਲਾਲਸਾ ਵਿਚ ਉਸ (ਸ਼ਾਹੂਕਾਰ) ਨੇ ਅੱਖਾਂ ਮੀਚੀਆਂ ਹੋਈਆਂ ਹਨ। ਇਉਂ ਜਾਣੋ ਉਹ ਧਨ ਤੋਂ ਬਿਨਾ ਹੋਰ ਸਾਰੇ ਪਾਸਿਆਂ ਤੋਂ ਮੁਕਤ ਹੈ। ਉਥੇ ਗਰੀਬ, ਅਮੀਰ ਸਭ ਨੇ ਮੱਥਾ ਟੇਕਿਆ ਪਰ ਉਸ ਵਪਾਰੀ ਨੇ ਅਪਣੇ ਕੰਮ ਦੇ ਭਾਰ ਕਰਕੇ ਰਿਖੀਆਂ ਵੱਲ ਅੱਖ ਪੁੱਟ ਕੇ ਵੀ ਨਹੀਂ ਵੇਖਿਆ।

"ਤਾਮ ਦੇਖ ਕਰ ਦੱਤ ਪ੍ਰਭਾਊ॥
ਪ੍ਰਗਟ ਕਹਾ ਤਜ ਕੈ ਹਠ ਭਾਊ॥
ਐਸ ਪ੍ਰੇਮ ਪ੍ਰਭ ਸੰਗ ਲਗਾਈਐ॥
ਤਬ ਹੀ ਪੁਰਖ ਪੁਰਾਤਨ ਪਾਈਐ"॥

ਉਸ (ਸ਼ਾਹੂਕਾਰ) ਦਾ ਇਹ ਪ੍ਰਭਾਵ ਵੇਖ ਕੇ ਸਾਰਾ ਹਠ, ਮਾਣ ਛੱਡ ਕੇ ਸਾਫ ਕਿਹਾ। ਜੇ ਇਸ ਪ੍ਰਕਾਰ ਦਾ ਪ੍ਰੇਮ, ਪਰਮ ਪਿਤਾ ਪ੍ਰਭੂ ਨਾਲ ਲਾਇਆ ਜਾਵੇ ਤਾਂ (ਕੋਈ ਸ਼ੱਕ ਨਹੀਂ)ਜਰੂਰ ਹੀ ਪਰਮ ਪੁਰਮਾਤਮਾ (ਅਕਾਲ ਪੁਰਖ) ਨੂੰ ਪਾ ਸਕਦੇ ਹਾਂ। ਇਸ ਵਿਚਾਰ ਨਾਲ ਉਸ (ਸ਼ਾਹੂਕਾਰ) ਨੂੰ ਵੀਹਵਾਂ ਗੁਰੂ ਮੰਨ ਕੇ, ਸਾਧੂਆਂ ਸਮੇਤ ਅਗੇ ਚਾਲੇ ਪਾ ਦਿੱਤੇ। ਰਸਤੇ ਆਂਦਿਆਂ ਜਾਂਦਿਆਂ ਕੀ ਵੇਖਿਆ:-

"ਲੀਏ ਬੈਠ ਦੇਖਾ ਇਕ ਸੂਆ॥
ਜਿਹ ਸਮਾਨ ਜਗਿ ਭਯੋ ਨ ਹੂਆ॥
ਤਾ ਕਹੁ ਨਾਥ ਸਿਖਾਵਤ ਬਾਨੀ॥
ਏਕ ਟਕ ਪਰਾ ਅਉਰ ਨ ਜਾਨੀ"॥

ਉਸ ਨੇ ਤੋਤਾ ਲਈ ਬੈਠੇ ਇਕ ਆਦਮੀ ਨੂੰ ਵੇਖਿਆ ਜਿਸ (ਤੋਤੇ) ਦੇ ਬਰਾਬਰ ਸੰਸਾਰ ਵਿੱਚ ਕੋਈ ਨ ਹੈ ਨ ਹੋਇਆ ਹੈ। ਉਸਦਾ ਮਾਲਕ ਉਸਨੂੰ ਬੋਲਣਾ ਸਿਖਾ ਰਿਹਾ। ਇਹ ਸਾਧੂਆਂ ਦਾ ਝੁੰਡ ਉਸ ਤੋਤੇ ਵਾਲੇ ਦੇ ਨੇੜੇ ਨੇੜੇ ਦੀ ਲੰਘਿਆ, ਪਰ ਉਸ ਪੁਰਸ਼ ਨੇ ਇਹਨਾਂ ਵੱਲ ਤੱਕਿਆ ਵੀ ਨਹੀਂ ਹੈ। ਮੂੰਹ ਤੋਂ ਤਾਂ ਕੀ ਕਹਿਣਾ ਸੀ।

"ਨਿਰਖਿ ਨਿਠੁਰਤਾ ਤਿਹ ਮਨਿ ਰਾਊ॥
ਪੁਲਕ ਪ੍ਰੇਮ ਤਨ ਉਪਜਾ ਚਾਊ"॥

ੳਸਦਾ ਇਹ ਹਠ ਵੇਖ ਕੇ ਮੁਨੀ-ਰਾਜ ਦੇ ਮਨ ਵਿਚ ਪ੍ਰੇਮ ਉਭਰ ਕੇ ਸਰੀਰ ਵਿਚ ਆ ਗਿਆ ਤੇ ਆਪ ਮੁਹਾਰੇ ਹੀ ਕਿਹਾ:-

"ਐਸੋ ਨੇਹੁ ਨਾਥ ਸੌ ਲਾਵੈ॥
ਤਬ ਹੀ ਪਰਮ ਪੁਰਖ ਕਹੁ ਪਾਵੈ॥
ਇਕੀਸਵਾਂ ਗੁਰੂ ਤਾ ਕਹੁ ਕੀਆ॥
ਮਨ ਬਚ ਕਰਮ ਮੋਲ ਜਨੁ ਲੀਆ"॥

ਜੇ ਕਰ ਏਹੋ ਜੇਹਾ ਪ੍ਰੇਮ ਕੋਈ ਆਪਨੇ ਮਾਲਕ ਨਾਲ ਕਰੇ ਉਹ ਪਰਮ ਪੁਰਖ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਲਈ ਉਸਨੂੰ ਇਕੀਹਵਾਂ ਗੁਰੂ ਮਿਥ ਲਿਆ ਅਤੇ ਆਪਣੇ ਮਨ ਨੂੰ ਮਨ,ਕਰਮ ਬਚਨ ਕਰਕੇ ਮੁੱਲ ਲੈ ਲਿਆ ਭਾਵ ਕਾਬੂ ਕਰ ਲਿਆ।

"ਜਬ ਇਕੀਸ ਕਰ ਗੁਰੂ ਸਿਧਾਰਾ॥
ਹਰ ਬਾਹਤ ਇਕ ਪੁਰਖ ਨਿਹਾਰਾ॥
ਤਾ ਕੀ ਨਾਰਿ ਮਹਾ ਸੁਖ ਕਾਰੀ॥
ਪਤਿ ਕੀ ਆਸ ਹੀਏ ਜਿਹ ਭਾਰੀ॥
ਭਤਾ ਲਏ ਪਾਨਿ ਚਲਿ ਆਈ॥
ਜਨੁਕ ਨਾਥ ਗ੍ਰਿਹ ਬੋਲਿ ਪਠਾਈ॥
ਹਰ ਬਾਹਤ ਤਿਨ ਕਛੂ ਨ ਲਹਾ॥
ਤ੍ਰਿਆ ਕੁ ਧਿਆਨ ਨਾਥ ਪ੍ਰਤਿ ਰਹਾ॥
ਮੁਨਿ ਪਤਿ ਸੰਗਿ ਲਏ ਰਿਖਿ ਸੈਨਾ॥
ਮੁਖ ਛਬਿ ਦੇਖ ਲਜਤ ਜਿਹ ਮੈਨਾ॥
ਤੀਰ ਤੀਰ ਤਾ ਕੇ ਚਲ ਗਏ॥
ਮੁਨਿ ਪਤਿ ਬੈਠ ਰਹਤ ਪੱਛ ਭਏ"॥

ਜਦੋਂ ਤੋਤੇ ਨੂੰ ਪੜ੍ਹਾਉਣ ਵਾਲੇ ਨੂੰ ਗੁਰੂ ਮੰਨ ਕੇ ਅਗੇ ਚਲੇ ਤਾਂ ਇੱਕ ਹਲ ਵਾਹੁੰਦਾ ਆਦਮੀ ਮਿਲਿਆ। ਉਸਦੀ ਇਸਤਰੀ ਜੋ ਸੁੱਖ ਦੇਣ ਵਾਲੀ, ਦਿਲ ਵਿਚ ਉਡੀਕ ਰੱਖ ਕੇ ਖਲੋਤੀ ਸੀ। ਪਤੀ ਲਈ ਰੋਟੀ ਲੈ ਕੇ ਪੈਦਲ ਹੀ ਘਰੋਂ ਚੱਲ ਕੇ ਆਈ ਸੀ ਜਾਣੋ ਪਤੀ ਨੇ ਸੁਨੇਹਾ ਭੇਜ ਕੇ ਬੁਲਾਈ ਸੀ, ਪਰ ਹਲ ਵਾਹੁਣ ਵਾਲੇ ਨੇ ਉਸ (ਪਤਨੀ) ਨੂੰ ਨਹੀਂ ਵੇਖਿਆ ਪਰੰਤੂ ਇਸਤਰੀ ਦੀ ਨਿਗਾਹ ਉਸ ਵੱਲ ਟਿਕੀ ਰਹੀ।

ਮੁਨੀਆਂ ਦੇ ਗੁਰੂ (ਦੱਤ) ਸਾਧੂਆਂ ਦੀ ਸੈਨਾ ਲੈ ਕੇ ਉਸ ਇਸਤਰੀ ਦੇ ਨੇੜੇ ਨੇੜੇ ਚਲੇ ਗਏ, ਅਤੇ ਮੁਨੀਆਂ ਦੇ ਗੁਰੂ ਉਸ ਇਸਤਰੀ ਦੇ ਪਿਛੇ ਬੈਠ ਗਏ, ਉਸ ਕਿਸਾਨ ਦੀ ਬੇਲਾਗ ਮਿਹਨਤ ਵਿਚ ਕਿਸੇ ਦੇ ਬੁਰੇ ਦਾ ਵਿਚਾਰ ਹੀ ਨਹੀਂ ਸੀ। ਦੱਤ ਮਹਾਤਮਾ ਉਸਨੂੰ ਵੇਖ ਕੇ ਉਸਦੇ ਪੈਰਾਂ ਤੇ ਢਹਿ ਪਿਆ ਅਤੇ ਉਸਨੂੰ ਬਾਈਵਾਂ ਗੁਰੂ ਮੰਨ ਲਿਆ ਕਿਉਂਕਿ ਉਸ ਕਿਸਾਨ ਵਿਚ ਨਾ ਕੋਈ ਮੈਂ ਮੇਰ ਸੀ ਨਾ ਕਿਸੇ ਦੇ ਬੁਰੇ ਦਾ ਵਿਚਾਰ ਸੀ, ਉਸਨੂੰ ਨੇਕ-ਕਰਮੀ ਜਾਣ ਕੇ ਉਸ ਦੇ ਪੈਰਾਂ ਤੇ ਜਾ ਪਿਆ ਅਤੇ ਆਪਣੇ ਆਸਣ ਤੇ ਚਲਾ ਗਿਆ।

ਅੱਗੇ ਗਏ ਤਾਂ ਕੀ ਵੇਖਿਆ ਦੋਹਾਂ ਪਾਸਿਆਂ ਤੋਂ ਧੌਂਸੇਂ ਵੱਜ ਰਹੇ ਹਨ ਉਨਹਾਂ ਦੀ ਸੁਰ ਨੂੰ ਸੁਣ ਕੇ ਪਾਪ ਵੈਰੀ ਦੈਤਾਂ ਵਾਂਗ ਭੱਜਦੇ ਹਨ ਤਪੱਸਵੀ ਦੇ ਤਨ ਦੀ ਅਲੌਕਿਕ ਚਮਕ ਨੂੰ ਵੇਖ ਕੇ ਜਿਵੇਂ ਸੋਨੇ ਨੂੰ ਡਿੱਗਾ ਵੇਖ ਕੇ ਮਨੁੱਖ ਧਰਤੀ ਤੇ ਡਿੱਗ ਪੈਂਦਾ ਹੈ ਲੋਕ ਆਪਣਾ ਤਨ ਮਨ ਲੁਟਾ ਦਿੰਦੇ ਹਨ। ਨਾਚ ਹੋ ਰਿਹਾ ਹੈ। ਉਸ ਨਾਚੀ ਦੇ ਨਾਚ ਨੂੰ ਵੇਖ ਕੇ ਅਨੇਕਾਂ ਜੱਛ ਗੰਧਰਵ ਮੋਹਿਤ ਹੋ ਰਹੇ ਹਨ। ਉਪਮਾ ਤੋਂ ਰਹਿਤ ਮਹਾਂ ਸੁੰਦਰੀ ਜੋ ਰਾਗ ਦੇ ਗੁਣਾਂ ਨਾਲ ਮੋਹ ਰਹੀ ਹੈ। ਇਹ ਇਓਂ ਘੁੰਮਦੀ ਹੈ ਜਿਵੇਂ ਤੀਰ ਖਾ ਕੇ ਤੀਰ ਦੀ ਪੀੜ ਨਾਲ ਹਰਨੀ ਘੁੰਮਦੀ ਹੈ। ਚਿਤ ਰਾਗ ਦੇ ਵਿਚ ਜੋੜ ਕੇ ਸੁਰਦੇ ਨਾਲ ਮਿਲ ਕੇ ਬੀਨਾ ਵਜਾ ਰਹੀ ਹੈ। ਜਿਸ ਰਾਗ ਨੂੰ ਬੋਲਦੀ ਹੈ ਉਸ ਨਾਲ ਸੁਰ ਮਿਲਾ ਰਹੀ ਹੈ ਆਪਣੀ ਨ੍ਰਿਤ ਕਲਾ ਨਾਲ ਇੰਝ ਘੁੰਮਦੀ ਹੈ ਜਿਵੇਂ ਵਾ-ਵਰੋਲਾ ਘੁੰਮਦਾ ਹੈ।

" ਅਕਲੰਕ ਜੁੱਬਨ ਮਾਨ॥ ਸੁਖ ਸਿੰਧ ਸੁੰਦਰ ਬਾਨ॥
ਇਕ ਚਿਤ ਗਾਵਤ ਰਾਗ॥ ਉਫਟੰਤ ਜਾਣ ਸੁਹਾਗ॥
ਤਿਹ ਪੇਖ ਕੈ ਜਟ ਰਾਗ॥ ਸੰਗ ਲੀਨ ਜੋਗ ਸਮਾਜ॥
ਰਹਿ ਰੀਝ ਆਪਨ ਚਿਤ॥ ਜੁਗ ਰਾਜ ਜੋਗ ਪਵਿੱਤ॥
ਇਹ ਭਾਂਤਿ ਜੋ ਹਰ ਸੰਗਿ॥ ਹਿਤ ਕੀਜੀਐ ਅਣਭੰਗ॥
ਤਵ ਪਾਈਐ ਹੀ ਲੋਕ॥ ਇਹ ਬਾਤ ਮੈਂ ਨਹੀ ਸੋਕ॥
ਚਿਤ ਚਉਪ ਸੋ ਭਰ ਚਾਇ॥ ਗੁਰ ਜਾਣ ਕੈ ਪਰ ਪਾਇ॥
ਚਿਤ ਤਉਨ ਕੇ ਰਸ ਬੀਨ॥ ਗੁਰੂ ਤੇਈਸਵੋਂ ਤਿਹ ਕੀਨ॥

ਉਸ (ਇਸਤ੍ਰੀ) ਦਾ ਜੋਬਨ ਕਲੰਕ ਤੋਂ ਰਹਿਤ ਹੈ, ਅਤੇ ਸੁਖ ਦਾ ਸਾਗਰ, ਸੁੰਦਰਤਾ ਦਾ ਸਥਾਨ ਹੈ। ਇਕ ਚਿਤ ਹੋ ਕੇ ਰਾਗ ਗਾ ਰਹੀ ਹੈ। ਜਾਣੋ ਸੁਹਾਗ ਫੁੱਟ-ਫੁੱਟ ਕੇ ਉਛਲਦਾ ਹੈ। ਉਸ ਨੂੰ ਵੇਖ ਕੇ ਜਟਾ ਧਾਰੀਆਂ ਦਾ ਗੁਰੂ ਦੱਤ ਜੋਗੀਆਂ ਨੂੰ ਨਾਲ ਲੈ ਕੇ ਪ੍ਰਸੰਨ ਚਿਤ ਹੋ ਕੇ ਕਹਿੰਦਾ ਹੈ ਜੇ ਕੋਈ ਇਸ ਤਰ੍ਹਾਂ ਹਰੀ ਨਾਲ ਅਟੁੱਟ ਇਕ ਰਸ ਅੱਠੇ ਪਹਿਰ ਪ੍ਰੇਮ ਕਰੇ ਤਾਂ ਪ੍ਰਭੂ ਲੋਕ ਦੀ ਪ੍ਰਾਪਤੀ ਹੁੰਦੀ ਹੈ। ਇਸ ਗੱਲ ਵਿਚ ਕੋਈ ਚਿੰਤਾ ਫਿਕਰ ਨਹੀਂ ਹੈ।

ਖੁਸ਼ੀ ਦੇ ਨਾਲ ਰਿਖੀ ਦੇ ਚਿਤ ਵਿਚ ਚਾਉ ਉਪਜਿਆ, ਗੁਰੂ ਜਾਣ ਕੇ ਉਸ ਜੱਛ ਇਸਤ੍ਰੀ ਦੇ ਪੈਰਾਂ ਤੇ ਸਿਰ ਰੱਖ ਦਿੱਤਾ ਅਤੇ ਚਿਤ ਉਸਦੇ ਪ੍ਰੇਮ ਰਸ ਵਿਚ ਭਿੱਜ ਗਿਆ। ਇਸ ਤਰ੍ਹਾਂ ਉਸ ਜੱਛਨੀ ਨਾਚੀ ਨੂੰ ਤੇਈਵਾਂ ਗੁਰੂ ਮੰਨ ਲਿਆ ਅਤੇ ਅੱਗੇ ਚੱਲ ਪਿਆ।

ਤਬ ਬਹੁਤ ਬਰਖ ਪਰਮਾਨ॥ ਚੜੇ ਮੇਰ ਸਰਿੰਗ ਮਹਾਨ॥
ਕੀਆ ਘੋਰ ਤਪਸਾ ਉਗ੍ਰ॥ ਤਬ ਰੀਜ ਏ ਕੁਛ ਸੁਗ੍ਰ॥
ਜਗ ਦੇਖ ਕੈ ਬਿਵਹਾਰ॥ ਮੁਨਿ ਰਾਜ ਕੀਨ ਬਿਚਾਰ॥
ਇਨ ਕਉਨ ਸੋ ਉਪਜਾਇ॥ ਫਿਰ ਲੇਤ ਆਪ ਮਿਲਾਇ॥
ਤਿਹ ਚੀਨੀਐ ਕਰ ਗਿਆਨ॥ ਤਬ ਹੋਇ ਪੂਰਨ ਧਯਾਨ॥
ਤਿਹ ਜਾਨੀਐ ਜਤ ਜੋਗ॥ ਤਬ ਹਇ ਦੇਹ ਅਰੋਗ॥

ਫਿਰ ਮਹਾਂ ਰਿਛੀ ਦੱਤ ਨੇ ਪਹਾੜ ਦੀ ਚੋਟੀ ਤੇ ਚੜ ਕੇ ਕਈ ਵਰ੍ਹੇ ਘੋਰ ਤਪ ਕੀਤਾ। ਇਕ ਦਿਨ (ਦੱਤ ਨੇ) ਮਨ ਵਿਚਾਰ ਕੀਤੀ ਕਿ ਇਸ ਸੰਸਾਰ ਨੂੰ ਕੌਣ ਪੈਦਾ ਕਰਦਾ ਹੈ ਅਤੇ ਕੌਣ ਇਸ ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ। ਇਸ ਗੱਲ ਦਾ ਗਿਆਨ ਕਰ ਕੇ ਇਸ ਦਾ ਭੇਦ ਸਮਝੀਏ। ਉਸਨੂੰ ਜਾਣੀਏ, ਜੋ ਜਾਣਨ ਜੋਗ ਹੈ ਤਾਂ ਹੀ ਇਹ ਸਰੀਰ ਸਫਲ ਹੋ ਸਕਦਾ ਹੈ। ਉਸ ਇਕ (ਪਰਮਾਤਮਾ) ਦੀ ਪਛਾਣ ਹੋਵੇਗੀ ਜਿਸ ਦਾ ਕਦੇ ਸੰਸਾਰ ਵਿਚੋਂ ਨਾਸ ਨਹੀਂ ਹੁੰਦਾ, ਜੋ ਸਾਰੇ ਜਗਤ ਦਾ ਪਤੀ ਜਾਣਿਆ ਜਾਂਦਾ ਹੈ ਜਿਹੜਾ ਆਪਣੇ ਆਪ ਤੋਂ ਪ੍ਰਕਾਸ਼ ਹੈ ਅਤੇ ਸਾਰਿਆਂ ਤੋਂ ਭੈ ਰਹਿਤ ਹੈ ਉਸ ਇੱਕ ਦੀ ਪ੍ਰਾਪਤੀ ਤੋਂ ਬਿਨਾਂ ਸ਼ਾਂਤੀ ਨਹੀਂ ਮਿਲ ਸਕਦੀ ਹੈ।

ਉਸ ਇਕ ਨੂੰ ਸਮਝਣ ਤੋਂ ਬਿਨਾਂ ਚਵੀ ਗੁਰੂ ਧਾਰਣ ਕਰੇ ਬੇਅਰਥ ਹਨ। ਜਿਸ ਨੇ ਅਕਾਲ ਪੁਰਖ ਨੂੰ ਪਛਾਣ ਲਿਆ। ਉਸ ਨੇ ਚੌਵੀ ਗੁਰੂਆਂ ਦਾ ਰਸ ਮਾਣ ਲਿਆ। ਭਾਵ ਲਾਭ ਪ੍ਰਾਪਤ ਕਰ ਲਿਆ। ਪਰ ਇੱਕ ਨੂੰ ਨਹੀਂ ਸਮਝਿਆ, ਉਸ ਨੇ ਚੌਵੀ ਗੁਰੂ ਕਰਕੇ ਕੀ ਖੱਟਿਆ। ਜਦ ਜਿਗਿਆਸੂ ਨੇ ਇਕ ਨੂੰ ਮਨ ਵਿਚ ਵਸਾ ਲਿਆ ਫੇਰ ਉਸਨੂੰ ਦੂਜੇ ਭਾਵ ਦੀ ਜਾਣਕਾਰੀ ਭੁੱਲ ਗਈ।

ਇਹ ਉਪਦੇਸ਼ ਸੁਣ ਕੇ ਜਟਾਂ ਵਾਲੇ ਸਾਧੂ ਖੁਸ਼ੀ ਵਿਚ ਆ ਗਏ ਅਤੇ ਖੁਸ਼ੀ ਵਿੱਚ ਤਾੜੀਆਂ ਮਾਰਨ ਲੱਗੇ। ਫੇਰ ਦੱਤ ਨੇ ਬਹੁਤ ਬਰਸ ਤਪੱਸਿਆ ਕੀਤੀ ਤਾਂ ਚੌਵੀਵੇ ਗੁਰੂ ਅਕਾਲ ਪੁਰਖ ਵੱਲੋਂ ਗਿਆਨ ਪ੍ਰਾਪਤ ਹੋ ਗਿਆ। ਇਸ ਤੋਂ ਪਿਛੋਂ ਦੱਤ ਨੇ ਆਪਣੇ ਚੇਲਿਆਂ ਨੂੰ ਨਾਲ ਲੈ ਕੇ ਸੁਮੇਰ (ਕੈਲਾਸ਼) ਪਰਬਤ ਤੇ ਚਲੇ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ-

"ਦਸ ਲਖ ਸੁ ਬੀਸ ਬ ਸਹੰਸ੍ਰ ਬ੍ਰਖੰ॥
ਤਪ ਕੀਨ ਤਹਾਂ ਭਾਂਤਿ ਰਿਖੰ"॥

ਦਸ ਲੱਖ ਵੀਹ ਹਜਾਰ ਵਰੇ (ਕੈਲਾਸ਼ ਪਰਬਤ ਤੇ) ਤਪ ਕੀਤਾ। ਸਾਰੇ ਦੇਸ਼ਾਂ ਵਿਦੇਸ਼ਾਂ ਵਿਚ ਆਪਣੇ ਧਰਮ ਦਾ ਪ੍ਰਚਾਰ ਕੀਤਾ।

ਜੋਗ ਦੇ ਬਲ ਕਰਕੇ ਸ਼੍ਰੋਮਣੀ ਰਿਖੀ (ਦੱਤ) ਨੂੰ ਪਤਾ ਚੱਲ ਗਿਆ ਕਿ ਮੇਰਾ ਹੁਣ ਅੰਤ ਸਮਾਂ ਆ ਗਿਆ ਹੈ।

**ਬਾਕੀ ਪੰਨਾ 18 'ਤੇ..................**

# ਬੱਚਿਆਂ ਦਾ ਪੰਨਾ

## ਬਿਨਾਂ ਬੇੜੀ ਝਨਾਂ ਪਾਰ

ਇਕ ਵੇਰ ਸਤਿਗੁਰੂ ਰਾਮ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਏ। ਵਾਪਸ ਮੁੜ, ਮਸਤਾਨੇ ਹੋ ਗਏ। ਸੰਗੀ ਸਾਥੀਆਂ ਨੂੰ ਛੱਡ ਇਕੱਲੇ ਮੁੜ ਆਏ, ਅੱਗੇ ਦਰਿਆ ਝਨਾਅ ਆ ਗਿਆ। ਕੰਢੇ ਤੇ ਬੇੜੀ ਤਿਆਰ ਸੀ। ਮਲਾਹ ਬੇੜੀ ਭਰ ਚੁੱਕਾ ਸੀ। ਗੁਰੂ ਜੀ ਕਹਿਆ 'ਭਲਿਆ ਲੋਕਾ ! ਅਸਾਂ ਵੀ ਪਾਰ ਜਾਣਾ ਹੈ, ਬੇੜੀ ਨੂੰ ਰੋਕ ਲੈ'। ਮਲਾਹ ਸਤਿਗੁਰਾਂ ਨੂੰ ਕਮਲਾ ਰਮਲਾ ਜਾਣ ਕਹਿਣ ਲੱਗਾ, "ਮਸਤਾਨਿਆ! ਤੂੰ ਠਹਿਰ, ਤੈਨੂੰ ਦੂਜੀ ਵੇਰ ਲੈ ਜਾਵਾਂਗਾ"। ਸਤਿਗੁਰੂ ਜੀ ਮੌਜ ਵਿੱਚ ਸਨ, ਕਹਿਣ ਲੱਗੇ, ਅਸੀਂ ਤੈਥੋਂ ਪਹਿਲੋਂ ਜਾਵਾਂਗੇ।" ਇੱਕ ਰੁੱਖ ਦੀ ਟਾਹਣੀ ਤੋੜ ਲਈ ਤੇ ਪਾਣੀ ਤੇ ਮਾਰੀ ਤੇ ਮੁੱਖੋਂ ਬਚਨ ਕੀਤਾ ਵਰਨ ਦੇਵ! ਅਸੀਂ ਪਾਰ ਜਾਣਾ ਹੈ।' ਇਤਨਾ ਕਹਿ ਪਾਣੀ ਦੇ ਵਿਚ ਚਰਨ ਰੱਖ ਦਿੱਤੇ ਤੇ ਤੁਰ ਪਏ। ਸਤਿਗੁਰੂ ਜੀ ਉੱਪਰ ਜਾ ਰਹੇ ਸਨ, ਜਲ ਹੇਠਾਂ ਸੀ। ਬੇੜੀ ਦਾ ਮਲਾਹ ਤੇ ਪੂਰ ਹੱਕੇ-ਬੱਕੇ ਸਨ ਤੇ ਕਹਿ ਰਹੇ ਸੀ "ਇਹ ਤਾਂ ਆਪ ਅੱਲਾਹ ਹੈ। ਇਸ ਨੂੰ ਨਰਾਜ਼ ਕਿਉਂ ਕੀਤਾ।" ਬੇੜੀ ਅੱਧ ਵਿਚਾਲੇ ਸੀ ਤੇ ਸਤਿਗੁਰੂ ਜੀ ਪਾਰ ਜਾ ਚੁਕੇ ਸਨ। ਦੂਜੇ ਬੰਨੇ ਮੁਸਾਫਰਾਂ ਨੇ ਚਰਨਾਂ'ਤੇ ਸੀਸ ਰੱਖ ਖੁਸ਼ੀਆਂ ਲਈਆਂ।

## ਬਾਲ ਕਵਿਤਾ

ਮੈਂ ਸਤਿਗੁਰ ਦਾ ਬੀਬਾ ਲਾਲਾ।
ਉਚਾ ਹੋਵੇ ਜਦ ਪਹੁ-ਫੁਟਾਲਾ।
ਜੰਗਲ ਜਾਵਾਂ ਕਪੜੇ ਲਾਹ ਕੇ।
ਰੇਤ ਨਾਲ ਹੱਥ ਮਾਂਜ ਬਣਾਕੇ।
ਦੰਦਾਂ ਦੀ ਮੈਂ ਕਰਾਂ ਸਫਾਈ।
ਨਾਲ ਸਫਾਈ ਖੁਸ਼ ਖੁਦਾਈ।
ਸਣ ਕੇਸੀ ਇਸ਼ਨਾਨ ਕਰਾਂ।
ਗੁਰ ਪੂਰੇ ਦਾ ਧਿਆਨ ਕਰਾਂ।
ਬਾਣੀ ਸੁਣਾਂ ਤੇ ਬਾਣੀ ਗਾਵਾਂ।
ਮਾਪਿਆਂ ਦੇ ਚਰਨੀ ਹੱਥ ਲਾਵਾਂ।
ਕਰ ਅਰਦਾਸ ਸਕੂਲੇ ਜਾਵਾਂ।
ਪੜ੍ਹਾਂ ਲਿਖਾਂ ਤੇ ਖੇਡਾਂ ਗਾਵਾਂ।
ਨਾਲ ਸਾਥੀਆਂ ਪਿਆਰ ਕਰਾਂ।
ਵਡਿਆਂ ਦਾ ਸਤਿਕਾਰ ਕਰਾਂ।
ਸਿੱਖੀ ਮੈਨੂੰ ਸਦਾ ਪਿਆਰੀ।
ਪੰਜ ਕੱਕਿਆਂ ਦੀ ਰਹਿਤ ਹੈ ਧਾਰੀ।
ਗੁਰ ਖੁਸ਼ੀ ਬਿਨ ਹੋਰ ਨਾ ਚਾਹਵਾਂ।
ਗੈਰ ਨੂੰ ਕਦੀ ਨ ਸੀਸ ਝੁਕਾਵਾਂ।
ਪੜ੍ਹ ਲਿਖ ਕੇ ਮੈਂ ਬਣਾਂ ਮਹਾਨ।
ਉੱਚਾ ਸੁੱਚਾ ਬਣਾ ਨਿਸਾਨ।
ਦੇਸ਼ ਕੌਮ ਦੀ ਸੇਵ ਕਮਾਵਾਂ।
ਮਾਤਾ ਪਿਤਾ ਦਾ ਨਾਮ ਚਮਕਾਵਾਂ।

**ਸੰਤ ਨਿਸ਼ਾਨ ਸਿੰਘ**

## ਬਰਤਨ ਕੱਢਣਾ

ਇਕ ਦਿਨ ਬਰਤਨ (ਛੰਨਾ) ਗੰਦੇ ਗਮਦੇ ਪਾਣੀ* ਵਿਚ ਡਿੱਗ ਪਿਆ। ਸਤਿਗੁਰੂ ਨਾਨਕ ਦੇਵ ਜਕੀ ਨੇ ਆਪਣੇ ਬੇਟਿਆਂ ( ਸ੍ਰੀ ਚੰਦ ਜੀ, ਲਖਮੀ ਦਾਸ ਜੀ) ਨੂੰ ਬੁਲਾ ਕੇ ਹੁਕਮ ਕੀਤਾ, 'ਬੇਟੇ! ਪਾਣੀ ਵਿਚੋਂ ਛਮਨਾ ਕੱਢ ਦਿਓ"।

ਉਹਨਾਂ ਕਿਹਾ, ' ਪਿਤਾ ਜੀ, ਸਾਡੇ ਪੁਛਾਕੇ ਗੰਦੇ ਹੋ ਜਾਣਗੇ, ਕਿਸੇ ਸੇਵਕ ਤੋਂ ਕੱਢਵਾ ਦਿੰਦੇ ਹਾਂ। ਇਹ ਕਿਹ ਕੇ ਚਲੇ ਗਏ।

ਸਤਿਗੁਰੂ ਜੀ ਨੇ, ਲਹਿਣਾ ਜੀ ਨੂੰ ਛੰਨਾ ਕੱਢਣ ਦਾ ਇਸ਼ਾਰਾ ਕੀਤਾ।

ਲਹਿਣਾ ਜੀ ਨੇ ਉਸੇ ਵੇਲੇ ਪਾਣੀ ਵਿਚੋਂ ਛੰਨਾ ਕੱਢ ਲਿਆਂਦਾ। ਲਹਿਣਾ ਜੀ ਆਪ ਵੀ ਇਸ਼ਨਾਨ ਕਰ ਲਿਆ ਅਤੇ ਛੰਨਾ ਵੀ ਧੋ ਮਾਂਜਕੇ ਸ੍ਰੀ ਸਤਿਗੁਰੂ ਜੀ ਦੀ ਭੇਟਾ ਕਰ ਦਿੱਤਾ।

ਸਤਿਗੁਰੂ ਜੀ ਲਹਿਣਾ ਜੀ ਤੇ ਬਹੁਤ ਪ੍ਰਸੰਨ ਹੋਏ।

ਐਸੀ ਸੇਵਾ ਤੋਂ ਸਤਿਗੁਰੂ ਨਾਨਕ ਦੇਵ ਜੀਨੇ ਲਹਿਣਾ ਜੀ ਨੂੰ ਆਪਣਾ ਰੂਪ ਭਖਸ਼ ਦਿੱਤਾ

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

☞ ਪੰਥਕ ਗਤੀਵਿਧੀਆਂ ☞ ਖਬਰਨਾਮਾ

## ਅਫ਼ਰੀਕਾ ਦੌਰਾ

**28 ਜੂਨ 2018** ਨੂੰ ਸੂਬਾ ਸਤਿਨਾਮ ਸਿੰਘ ਜੀ,ਉਹਨਾਂ ਦੀ ਧਰਮ ਪਤਨੀ,ਸੇਵਕ ਆਸਾ ਸਿੰਘ ,ਸਤਨਾਮ ਸਿੰਘ, ਗੁਰਜੀਤ ਸਿੰਘ ਲਾਂਗਰੀ ਬੰਗਲੌਰ,ਪੰਡਿਤ ਯਾਦਵਿੰਦਰ ਸਿੰਘ,ਰਾਗੀ ਸ਼ਾਮ ਸਿੰਘ ਅਤੇ ਸੁਖਵਿੰਦਰ ਸਿੰਘ ਲਾਇਲ ਮੁੰਬਈ ਦੇ ਛਤਰਪਤੀ ਸ਼ਿਵਾ ਜੀ ਏਅਰਪੋਰਟ ਤੋਂ ਕੀਨੀਆ ਏਅਰਵੇਸ ਦੀ ਉਡਾਨ ਰਾਹੀ ਨੈਰੋਬੀ ਪੁੱਜੇ।

**ਸਤਿਗੁਰੂ ਜੀ ਦੀ ਆਮਦ:** ਇਸ ਵਾਰ ਦੌਰੇ ਦਾ ਸਾਰਾ ਪ੍ਰਬੰਧ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨੌਜਵਾਨ ਕਰ ਰਹੇ ਸਨ ਜਿੰਨ੍ਹਾਂ ਵਿੱਚ ਵਿਸ਼ੇਸ਼ ਤੌਰ'ਤੇ ਪ੍ਰਿਤਪਾਲ ਸਿੰਘ,ਗੁਰਚਰਨ ਸਿੰਘ,ਦਿਆਲ ਸਿੰਘ,ਨਰੋਤਮ ਸਿੰਘ ਤੇ ਕੁਲਵੀਰ ਸਿੰਘ ਦੇ ਨਾਮ ਜ਼ਿਕਰਯੋਗ ਹਨ।ਠੀਕ 2:30 ਵਜੇ ਏਮੀਰੇਟ ਦੀ ਉਡਾਣ ਰਾਹੀਂ ਸ੍ਰੀ ਸਤਿਗੁਰੂ ਜੀ ਦਾ ਜਹਾਜ ਨੈਰੋਬੀ ਦੇ ਜੈਮੋ ਕਰਨਾਟਾ ਏਅਰਪੋਰਟ ਤੇ ਉਤਰਿਆ।ਸ੍ਰੀ ਸਤਿਗੁਰੂ ਜੀ ਤੇ ਮਾਤਾ ਗੁਰਸ਼ਰਨ ਕੌਰ ਜੀ 2 ਦਿਨਾਂ ਡੁਬਈ ਦੌਰੇ ਤੋਂ ਹੁੰਦੇ ਹੋਏ ਆਏ ਸਨ।ਸ੍ਰੀ ਸਤਿਗੁਰੂ ਜੀ ਤੇ ਮਾਤਾ ਜੀ ਗੱਡੀ ਵਿੱਚ ਬੈਠੇ ਜਿਸ ਦਾ ਡਰਾਈਵਰ ਨੌਜਵਾਨ ਪ੍ਰਿਤਪਾਲ ਸਿੰਘ ਸੀ।ਗੁਰਚਰਨ ਸਿੰਘ ਰੂਪਰਾ ਇਨ੍ਹਾਂ ਪਲਾਂ ਨੂੰ ਆਪਣੇ ਕੈਮਰੇ ਵਿੱਚ ਕੈਦ ਕਰ ਰਿਹਾ ਸੀ।ਇਹ ਦੋਵੇਂ ਸਕੇ ਭਰਾ ਹਨ ਸੰਤ ਸੁਰਿੰਦਰ ਸਿੰਘ ਜੀ ਦੇ ਸਪੁੱਤਰ।ਵੀ.ਆਈ. ਪੀ ਲੌਜ ਵਿੱਚ ਸਤਿਗੁਰੂ ਜੀ ਦੇ ਸਵਾਗਤ ਕਰਨ ਲਈ ਸੰਗਤ ਬੈਠੀ ਸੀ।ਤਨਜ਼ਾਨੀਆ ਤੋਂ ਵੀ ਵਿਸ਼ੇਸ਼ ਤੌਰ'ਤੇ ਸੰਤ ਜਗਜੀਤ ਅਗਰਵਾਲ ਤੇ ਮਹੇਸ਼ ਅਗਰਵਾਲ ਆਏ ਸਨ।ਡੇਰੇ ਪੁੱਜ ਸਤਿਗੁਰੂ ਜੀ ਬੱਚਿਆਂ ਨੂੰ ਪਿਆਰ ਦਿੱਤਾ ਸਾਰਿਆਂ ਦੀ ਨਮਸਕਾਰ ਪਰਵਾਨ ਕਰਦਿਆਂ ਵ੍ਹੀਲ ਚੇਅਰ ਤੇ ਬੈਠੇ ਸੂਬਾ ਸੋਹਣ ਸਿੰਘ ਜੀ ਰਿਐਤ ਨੂੰ ਕੋਲ ਜਾ ਦਰਸ਼ਨ ਦਿੱਤੇ ਸੂਬਾ ਜੀ ਜੋ ਹੁਣ ਬਿਰਧ ਅਵਸਥਾ ਵਿੱਚ ਹਨ ਬੈਠਿਆਂ ਹੀ ਬੈਰਾਗੀ ਹੋਇਆਂ ਪਾਤਿਸ਼ਾਹ ਜੀ ਨੂੰ ਕਲਾਵੇ ਵਿੱਚ ਲੈ ਲਿਆ। ਪਾਤਿਸ਼ਾਹ ਜੀ ਸਭ ਦੀ ਸੁੱਖ ਸਾਂਦ ਪੁੱਛ ਅੰਦਰ ਚੱਲ ਪਏ।ਮਾਤਾ ਜੀ ਨੂੰ ਵੀ ਬੀਬੀਆਂ ਤੇ ਬੱਚੇ ਮਿਲ ਰਹੇ ਸਨ ਸਾਰਿਆ ਅਰਜ਼ ਕੀਤੀ ਕਿ ਸਤਿਗੁਰੂ ਜੀ ਤੁਸੀ ਬੜੀ ਕਿਰਪਾ ਕੀਤੀ ਹੈ ਜੋ ਅਰਜ ਪ੍ਰਵਾਨ ਕਰ ਦਰਸ਼ਨ ਦਿੱਤੇ ਹਨ।

ਸ਼ਾਮ ਦਾ ਨਿਤਨੇਮ ਨੈਰੋਬੀ ਧਰਮਸ਼ਾਲਾ ਵਿਖੇ ਠੀਕ ਛੇ ਵਜੇ ਅਰਦਾਸ ਦੇ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਚੱਲਣ ਲੱਗਿਆ।7 ਵਜੇ ਪੰਡਿਤ ਯਾਦਵਿੰਦਰ ਸਿੰਘ ਹੋਰਾਂ ਦੀ ਕਥਾ ਹੋਈ ਉਪਰੰਤ ਸੁਖਵਿੰਦਰ ਸਿੰਘ ਤੇ ਸ਼ਾਮ ਸਿੰਘ ਨੇ ਇੱਕ ਸ਼ਬਦ ਪੜ੍ਹਿਆ "ਅਬ ਮਨ ਜਾਗਤ ਰਹੁ ਰੇ ਭਾਈ॥" ਸਵੇਰ ਦੀ ਆਸਾ ਦੀ ਵਾਰ ਏਥੇ ਹੀ ਲੱਗੇਗੀ 4;30 ਤੋਂ 6:30 ਤੱਕ ਇਹ ਅਨਾਉਂਸਮੈਂਟ ਸੇਵਕ ਆਸਾ ਸਿੰਘ ਨੇ ਕੀਤੀ। ~~1 ਜੁਲਾਈ 201~~8: ਅੱਜ ਸਵੇਰ ਆਸਾ ਦੀ ਵਾਰ ਦਾ ਕੀਰਤਨ ਠੀਕ 4:30 ਵਜੇ ਹਜ਼ੂਰੀ ਰਾਗੀਆਂ ਆਰੰਭ ਕੀਤਾ ਸਾਧ ਸੰਗਤ ਲੰਗਰ ਛਕ ਆਪੋ ਆਪਣੇ ਡੇਰਿਆਂ ਨੂੰ ਪ੍ਰਸਥਾਨ ਕੀਤਾ।ਸਤਿਗੁਰੂ ਜੀ ਤੇ ਮਾਤਾ ਜੀ ਵੀ ਸਿੱਖਾਂ ਸੇਵਕਾਂ ਸਮੇਤ ਡੇਰੇ ਨੂੰ ਚਾਲੇ ਪਾਏ।

ਏਥੋਂ ਬਾਅਦ ਸਤਿਗੁਰੂ ਜੀ ਨੇ ਅੱਜ ਕੁੱਲ ਚਾਰ ਘਰਾਂ ਵਿੱਚ ਦਰਸ਼ਨ ਦਿੱਤੇ ।ਸਭ ਤੋਂ ਪਹਿਲੋਂ ਆਪ ਸਤਪਾਲ ਸਿੰਘ ਲੋਟੇ ਦੇ ਘਰ ਉਹਨਾਂ ਨੂੰ ਦਰਸ਼ਨ ਦਿੱਤੇ ਇਹ ਸਵਰਗੀ ਸੂਬਾ ਲਾਲ ਸਿੰਘ ਹੋਰਾਂ ਦੇ ਪੋਤਰੇ ਹਨ ਤੇ ਕੈਂਸਰ ਦੀ ਆਖਰੀ ਸਟੇਜ ਕਰਕੇ ਇਹਨਾਂ ਦੀ ਹਾਲਤ ਕੋਈ ਵਧੀਆ ਨਹੀਂ ਸੀ ਪਰ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਆਸ ਸੀ ਜੋ ਉਹਨਾਂ ਕਿਰਪਾ ਕੀਤੀ।ਇਸ ਤੋਂ ਬਾਅਦ ਪਾਤਿਸ਼ਾਹ ਜੀ ਨਾਨਕ ਸਿੰਘ ਬਾਂਸਲ ਟੋਨੀ ਤੇ ਪ੍ਰਿਤਪਾਲ ਸਿੰਘ ਕਲਸੀ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।ਸਤਿਗੁਰੂ ਜੀ ਦੇ ਦਰਸ਼ਨਾਂ ਤੇ ਅਮ੍ਰਿਤ ਬਚਨਾਂ ਦੇ ਪ੍ਰਭਾਵ ਹੇਠ ਟੋਨੀ ਜੋ ਕਿ ਨਾਮਧਾਰੀ ਨਹੀਂ ਸੀ ਨੇ ਸ਼ਰਾਬ ਛੱਡਣ ਦਾ ਵਾਅਦਾ ਕੀਤਾ ਤੇ ਭਜਨ ਪੁੱਛਿਆ।

ਸ਼ਾਮ ਦੇ ਨਿਤਨੇਮ ਵਿੱਚ ਬਹੁਤ ਗਿਣਤੀ ਵਿੱਚ ਸਾਧ ਸੰਗਤ ਇਕੱਠੀ ਹੋਈ।ਹਿੰਦੂ ਸਿੱਖ ਸੰਸਥਾਵਾਂ ਦੇ ਸੱਜਣ ਤੇ ਸੰਗੀਤ ਪ੍ਰੇਮੀ ਵਿਸ਼ੇਸ਼ ਤੌਰ'ਤੇ ਨਾਮਧਾਰੀ ਕੀਰਤਨ ਸੁਣਨ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸਨ।ਪੰਡਿਤ ਯਾਦਵਿੰਦਰ ਸਿੰਘ ਹੋਰਾਂ ਨਿੱਤਨੇਮ ਦੌਰਾਨ ਪ੍ਰਭਾਵਸ਼ਾਲੀ ਕਥਾ ਕੀਤੀ ਉਪਰੰਤ ਗੁਰੂ ਕੇ ਹਜ਼ੂਰੀ ਰਾਗੀਆਂ ਦਾ ਬੁਲੰਦ ਆਵਾਜ਼ ਤੇ ਗੁਰਮਤ ਸੰਗੀਤ ਦੀਆਂ ਅਥਾਹ ਬੁਲੰਦੀਆਂ ਵਾਲਾ ਕੀਰਤਨ ਆਰੰਭ ਹੋਇਆ।ਰਾਗੀ ਬਲਵੰਤ ਸਿੰਘ ਹੋਰਾਂ ਪਹਿਲਾ ਰਾਗ ਦਰਬਾਰੀ ਤਿੰਨ ਤਾਲ ਵਿੱਚ ਸ਼ਬਦ ਪੜ੍ਹਿਆ "ਠਾਕੁਰ ਜੀਉ ਤੁਹਾਰੋ ਪਰਨਾ॥ਮਾਨੁ ਮਹਤੁ ਤੁਮ੍ਹਾਰੈ ਊਪਰਿ ਉਮਰੀ ਓਟ ਤੁਮ੍ਹਾਰੀ ਸਰਨਾ॥ਦੂਸਰਾ ਸ਼ਬਦ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੁਰਬਧ ਤੇ ਲੈਅਬੱਧ ਕੀਤਾ ਏਕ ਤਾਲ ਰਾਗ ਦਰਬਾਰੀ ਵਿੱਚ ਟੇਕ ਸੀ "ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ॥" ਸਾਧ ਸੰਗਤ ਵਜਦ ਵਿੱਚ ਝੂਮ ਰਹੀ ਸੀ ਸਤਿਗੁਰੂ ਜੀ ਦੇ ਇਹਨਾਂ ਪਿਆਰੇ ਰਾਗੀਆਂ ਨੇ ਗੁਰਬਾਣੀ ਨੂੰ ਇਸ ਤਰਾਂ ਗਾਇਆ ਕਿ ਇੱਕ-ਇੱਕ ਸ਼ਬਦ ਰੂਪਮਾਨ ਹੋ ਰਿਹਾ ਸੀ।ਅੱਜ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨੌਜਵਾਨ ਕੁਲਵੀਰ ਸਿੰਘ ਨੇ ਨਿਭਾਉਂਦਿਆਂ ਸ੍ਰੀ ਸਤਿਗੁਰੂ ਜੀ ਮਾਤਾ ਜੀ ਤੇ ਦੇਸ਼ੋਂ ਆਏ ਸਿੱਖਾਂ ਸੇਵਕਾਂ ਨੂੰ 'ਜੀ ਆਇਆਂ' ਆਖਦਿਆਂ ਕਿਹਾ ਕਿ ਸਾਡੇ ਵੱਡੇ ਭਾਗ ਹਨ ਜੋ ਪਾਤਿਸ਼ਾਹ ਜੀ ਆਪਣਾ ਏਨਾ ਕੀਮਤੀ ਸਮਾਂ ਦੇਕੇ ਸਾਨੂੰ ਨਿਹਾਲ ਕਰ ਰਹੇ ਹਨ ਸਾਡੀ ਅਰਦਾਸ ਪ੍ਰਵਾਨ ਕਰ ਉਹਨਾਂ ਇਸ ਭਾਗਾਂ ਭਰੇ ਸਮੇਂ ਨੂੰ ਅੰਜਾਮ ਦਿੱਤਾ ਹੈ।ਇਹ ਨੌਜਵਾਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਹਿਲੀ ਵਾਰ ਬੋਲਿਆ ਸੀ ਤੇ ਉਹ

ਵੀ ਬਹੁਤ ਹੀ ਨਪੇ ਤੁਲੇ ਤੇ ਥੋੜੇ ਲਫਜ਼ਾਂ ਵਿੱਚ ਇਸਨੇ ਸੰਗਤ ਦੀਆਂ ਭਾਵਨਾਵਾਂ ਨੂੰ ਸਨਮੁੱਖ ਕੀਤਾ। ਗੁਰਦੇਵ ਸਿੰਘ ਸੀਹਰਾ ਹੋਰਾਂ ਵੀ ਸ੍ਰੀ ਸਤਿਗੁਰੂ ਜੀ ਪ੍ਰਤੀ ਆਪਣੇ ਭਾਵ ਵਿਅਕਤ ਕੀਤੇ ਨਹੀਂ ਸੁਣਦੇ। ਉਪਰੰਤ ਸੁਖਵਿੰਦਰ ਸਿੰਘ ਲਾਇਲ ਨੇ ਗੁਰ ਇਤਿਹਾਸ ਤੇ ਉੱਚ ਆਦਰਸ਼ਕ ਜੀਵਨ ਵਾਲੇ ਗੁਰੂ ਪਿਆਰੇ ਸਿੱਖਾਂ ਦੀਆਂ ਸਾਖੀਆਂ ਸੁਣਾ ਆਪਣੀ ਹਾਜ਼ਰੀ ਲਗਵਾਈ। ਅੱਜ ਏਥੇ ਹੀ ਵੱਖੋ ਵੱਖਰੀਆਂ ਸੰਸਥਾਵਾਂ ਦੇ ਮੁਖੀਆਂ ਨੇ ਆਪਣੇ ਡੇਲੀਗੇਸ਼ਨ ਸਮੇਤ ਫੁੱਲਾਂ ਦੇ ਗੁਲਦਸਤੇ ਭੇਟ ਕਰ ਸ੍ਰੀ ਸਤਿਗੁਰੂ ਜੀ ਦਾ ਅਭਿਨੰਦਨ ਕੀਤਾ। ਜਿਨ੍ਹਾਂ ਵਿੱਚ ਖਾਸ ਤੌਰ ਤੇ ਈਸਟ ਅਫ਼ਰੀਕਾ ਰਾਮਗੜ੍ਹੀਆ ਬੋਰਡ ਦੇ ਚੈਅਰਮੈਨ ਸ ਜਸਵੀਰ ਸਿੰਘ ਵਿਰਦੀ,ਗੁਰਦੁਆਰਾ ਰਾਮਗੜ੍ਹੀਆ ਰੇਲਵੇ ਸਾਊਥ ਸੀ ਦੇ ਪ੍ਰਧਾਨ ਸ ਗੁਰਦੀਪ ਸਿੰਘ,ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ ਅਫਰੀਕਾ ਦੇ ਪ੍ਰਧਾਨ ਸ.ਸਤਿੰਦਰ ਸਿੰਘ ਜੱਬਲ ਅਤੇ ਹਿੰਦੂ ਕੌਂਸਲ ਕੀਨੀਆ ਦੇ ਪ੍ਰਧਾਨ ਸ੍ਰੀ ਕਮਲ ਗੁਪਤਾ ਆਪਣੇ ਡੈਲੀਗੇਸ਼ਨ ਸਮੇਤ ਗੁਰੂ ਦਰਸ਼ਨਾਂ ਨੂੰ ਉਚੇਚਿਆਂ ਪਧਾਰੇ ਹੋਏ ਸਨ। ਅੰਤ ਵਿੱਚ ਸ੍ਰੀ ਹਜ਼ੂਰ ਨੇ ਆਪਣੇ ਪ੍ਰਵਚਨਾ ਨਾਲ ਸਾਰੀ ਸੰਗਤ ਨੂੰ ਏਨਾ ਪਿਆਰ ਦੇਣ ਲਈ ਧੰਨਵਾਦ ਕਰਦਿਆਂ ਹੁਕਮ ਕੀਤਾ ।

2 ਜੁਲਾਈ ਦੀ ਆਸਾ ਦੀ ਵਾਰ ਤੇ ਸ਼ਾਮ ਦਾ ਕੀਰਤਨ ਵੀ ਨੈਰੋਬੀ ਧਰਮਸ਼ਾਲਾ ਵਿਖੇ ਹੋਇਆ। ਅਗਲੇ ਦਿਨ ਸ੍ਰੀ ਸਤਿਗੁਰੂ ਜੀ ਤਨਜ਼ਾਨੀਆ ਦੀ ਸੰਗਤ ਨੂੰ ਦਰਸ਼ਨ ਦੇਣ ਜਾਣਾ ਸੀ ਸੋ 3 ਜੁਲਾਈ ਨੂੰ ਡੇਰੇ ਹੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਪਾਠ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਬਲਵੰਤ ਸਿੰਘ ਹੁਰਾਂ ਕੀਤਾ। ਉਪਰੰਤ ਅਸੀਂ ਗੱਡੀਆਂ ਚ ਬੈਠ ਏਅਰਪੋਰਟ ਨੂੰ ਰਵਾਨਾ ਹੋਏ ਜਿੱਥੋਂ ਅਸੀਂ ਸਤਿਗੁਰੂ ਜੀ ਤੇ ਮਾਤਾ ਜੀ ਤੋਂ ਬਿਨਾਂ 13 ਜਾਣੇ ਤਨਜ਼ਾਨੀਆ ਦੇ ਹਵਾਈ ਸਫ਼ਰ ਆਰੰਭ ਕੀਤਾ। ਪ੍ਰਧਾਨ ਸਤਵੰਤ ਸਿੰਘ ਪਾਲਰੇ ਤਨਜ਼ਾਨੀਆ ਤੇ ਸੰਤ ਨਰਿੰਦਰ ਸਿੰਘ ਰੂਪਰਾ ਨੈਰੋਬੀ ਤੋਂ ਸਾਡੇ ਨਾਲ ਸਨ। ਤਨਜ਼ਾਨੀਆ ਦੇ ਉੱਚੇ ਪਰਬਤ ਕਿੱਲੀ ਮੰਜ਼ਾਰੋ ਦੇ ਨਾਮ ਤੇ ਏਅਰਪੋਰਟ ਉੱਤਰਨ'ਤੇ ਸ੍ਰੀ ਸਤਿਗੁਰੂ ਜੀ ਨੂੰ ਜਹਾਜ਼ ਤੱਕ ਲੈਣ ਆਏ ਜਗਜੀਤ ਅਗਰਵਾਲ,ਤਰਸੇਮ ਚੰਦ,ਸੂਬਾ ਅਤੁਲ ਜੀ ਤੇ ਮਹੇਸ਼ ਅਗਰਵਾਲ ਜੀ ਨੇ ਹਾਰ ਪਾ ਸਤਿਗੁਰੂ ਜੀ ਦਾ ਸਵਾਗਤ ਕੀਤਾ। ਪ੍ਰਧਾਨ ਪ੍ਰੇਮਪਾਲ ਜੀ ਤੇ ਸੁਨੀਲ ਅਗਰਵਾਲ,ਕਮਲਜੀਤ ਸਿੰਘ ਕਲਸੀ ਤੇ ਬਹੁਤ ਸਾਰੇ ਸੱਜਣ ਮੌਜੂਦ ਸਨ ਸਾਰਿਆਂ ਸ੍ਰੀ ਹਜ਼ੂਰ ਦਾ ਸਵਾਗਤ ਕੀਤਾ। ਏਅਰਪੋਰਟ ਦੇ ਉੱਚ ਅਧਿਕਾਰੀ ਨੇ ਵੀ ਸਤਿਗੁਰੂ ਜੀ ਦੇ ਚਰਨਾਂ ਤੇ ਲੇਟ ਕੇ ਨਮਸਕਾਰ ਕੀਤੀ। ਏਥੋਂ ਸਤਿਗੁਰੂ ਜੀ ਕਮਲ ਸਿੰਘ ਕਲਸੀ ਦੀ ਕਾਰ ਵਿੱਚ ਬੈਠ ਮੋਸ਼ੀ ਸ਼ਹਿਰ ਨੂੰ ਰਵਾਨਾ ਹੋਏ।

ਆਰੂਸ਼ਾ ਗੁਰੂ ਘਰ ਦੇ ਸਹਿਜਧਾਰੀ ਸਿੱਖਾਂ ਦਾ ਨਗਰ ਹੈ। ਜਿੱਥੋਂ ਦੇ ਲਾਲਾ ਬੁੱਧ ਰਾਮ ਜੀ ਤੇ ਲਾਲਾ ਬੀਰ ਚੰਦ ਜੀ ਦਾ ਜ਼ਿਕਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਆਉਂਦਾ ਹੈ ਕਿ ਕਿਵੇਂ ਉਹ ਅੱਠ ਅੱਠ ਘੰਟੇ ਨਾਮ ਜਪਿਆ ਕਰਦੇ ਸਨ। ਇਹਨਾਂ ਦੇ ਪਰਿਵਾਰਾਂ ਨੇ ਕਈ ਹੋਲੇ ਮਹੱਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਮੇਂ ਉਹਨਾਂ ਦੀ ਕਿਰਪਾ ਨਾਲ ਕਰਵਾਉਣ ਦੀ ਸੇਵਾ ਲਈ ਹੈ। ਲਾਲਾ ਬੁੱਧ ਰਾਮ ਜੀ ਦੇ ਦੂਸਰੇ ਪੁੱਤਰ ਜਗਜੀਤ ਅਗਰਵਾਲ ਜੀ ਦੇ ਘਰ ਸ੍ਰੀ ਹਜ਼ੂਰ ਦਾ ਡੇਰਾ ਸੀ। ਸਤਿਗੁਰੂ ਜੀ ਦੀ ਗੱਡੀ ਡੇਰੇ ਪੁੱਜੀ ਤਾਂ ਸਾਰਿਆਂ ਜੈਕਾਰੇ ਲਾ ਫੁੱਲਾਂ ਦੇ ਹਾਰ ਪਾ ਸਵਾਗਤ ਕੀਤਾ। ਪਾਤਿਸ਼ਾਹ ਆਸਣ ਤੇ ਸੋਭਾ ਪਾ ਰਹੇ ਸਨ ਪਾਸ ਮਾਤਾ ਜੀ ਤੇ ਸੇਵਕ ਬੈਠੇ ਸਨ। ਸੰਤ ਨਰਿੰਦਰ ਸਿੰਘ ਹੁਰੀ ਇਹਨਾਂ ਸੁਨਿਹਰੀ ਪਲਾਂ ਨੂੰ ਆਪਣੇ ਕੈਮਰੇ ਵਿੱਚ ਕੈਦ ਕਰ ਰਹੇ ਸਨ। ਘਰ ਵਾਲਿਆਂ ਜਗਜੀਤ ਜੀ ਉਹਨਾਂ ਦੀ ਧਰਮ ਪਤਨੀ ਅਚਲਾ,ਬੇਟੇ ਸਨ੍ਹੀਂ,ਨੂੰਹ ਗੁਰਪਾਸ਼ ਕੌਰ, ਪੋਤਰੇ ਸੁਰਿੰਦਰ ਤੇ ਨਵੇਂ ਆਏ ਘਰ ਦੇ ਜੀਅ ਛੋਟੇ ਪੋਤਰੇ ਜਿਸ ਦਾ ਨਾਮ ਸਤਿਗੁਰੂ ਜੀ ਨੇ ਸੁਰ ਅੰਮ੍ਰਿਤ ਰੱਖਿਆ ਸੀ ਆਣ ਚਰਨੀ ਸੀਸ ਨਿਵਾਇਆ। ਪਾਤਿਸ਼ਾਹ ਉਹਨਾਂ ਦੀਆਂ ਕਨੇਡਾ ਰਹਿੰਦੀਆਂ ਦੋਵਾਂ ਬੱਚੀਆਂ ਦਾ ਹਾਲ ਚਾਲ ਵੀ ਪੁੱਛਿਆ। ਸਾਰੀ ਆਰੂਸ਼ਾ ਦੀ ਸੰਗਤ ਨੇ ਨਮਸਕਾਰ ਕੀਤੀ। ਅੱਜ ਸ਼ਾਮ ਦਾ ਨਿਤਨੇਮ ਛੇ ਵਜੇ ਜਗਜੀਤ ਜੀ ਦੀ ਫੈਕਟਰੀ ਵਿੱਚ ਬਣੇ ਹਰੀ ਮੰਦਰ ਵਿੱਚ ਸ਼ਾਮ 6 ਵਜੇ ਤੋਂ 8 ਵਜੇ ਤੱਕ ਹੋਇਆ ਜਿਸ ਦੌਰਾਨ ਪੰ ਯਾਦਵਿੰਦਰ ਸਿੰਘ ਹੋਰਾਂ ਕਥਾ ਤੇ ਰਾਗੀ ਬਲਵੰਤ ਸਿੰਘ ਹਰਪ੍ਰੀਤ ਸਿੰਘ ਤੇ ਸ਼ਾਮ ਸਿੰਘ ਹੋਰਾਂ ਕੀਰਤਨ ਕੀਤਾ। 4 ਤਾਰੀਕ ਸਵੇਰ ਦੀ ਵਾਰ ਵੀ ਹਰੀ ਮੰਦਰ ਵਿਖੇ ਲੱਗੀ ਉਪਰੰਤ ਅੱਜ ਦਾ ਸ੍ਰੀ ਹਜ਼ੂਰ ਦਾ ਪ੍ਰਸ਼ਾਦ ਮਹੇਸ਼ ਜੀ ਦੇ ਘਰ ਸੀ।

ਅੱਜ ਸਤਿਗੁਰੂ ਜੀ ਨੇ ਇਰਿੰਗਾ ਸ਼ਹਿਰ ਇੱਕ ਫਾਰਮ ਵੇਖਣ ਜਾਣਾ ਸੀ । ਚਾਰਟਡ ਜਹਾਜ਼ ਵਿੱਚ ਬੈਠ ਆਪ ਜੀ ਨਾਲ ਸੂਬਾ ਸਤਿਨਾਮ ਸਿੰਘ ਜੀ,ਸੇਵਕ ਸਤਨਾਮ ਸਿੰਘ,ਸੰਤ ਨਰਿੰਦਰ ਸਿੰਘ,ਪ੍ਰਧਾਨ ਸਤਵਮਤ ਸਿੰਘ ਪਾਲਰੇ,ਉਹਨਾਂ ਦਾ ਪੋਤਰਾ ਗਿਆਨ ਸਿੰਘ ਤੇ 2 ਫਾਰਮ ਦੇ ਖੇਤੀਬਾੜੀ ਵਿਭਾਗ ਦੇ ਕਾਰਜਕਰਤਾ ਸਨ। ਅਸੀਂ ਅੱਜ ਫੇਰ ਬਾਕੀ ਦੇ ਸਿੰਘ ਸ੍ਰੀ ਮਾਤਾ ਜੀ ਨਾਲ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਤਾਰਨਗੀਰੇ ਨੈਸ਼ਨਲ ਪਾਰਕ ਵੇਖਣ ਗਏ। ਵਾਪਸੀ ਤੇ ਸੰਤ ਨਰਿੰਦਰ ਸਿੰਘ ਹੋਰਾਂ ਦੱਸਿਆ ਕਿ ਸਤਿਗੁਰੂ ਜੀ ਫਾਰਮ ਦਾ ਤਾਂ ਬਹਾਨਾ ਹੀ ਸੀ ਓਥੇ ਵੀ ਰਹਿੰਦੇ ਭਾਰਤੀਆਂ ਤੇ ਕਿੰਨੀ ਕਿਰਪਾ ਕੀਤੀ ਉਹਨਾਂ ਨੂੰ ਮਾਸ ਸ਼ਰਾਬ ਤਿਆਗ ਕੇ ਚੰਗੇ ਪਾਸੇ ਲੱਗਣ ਦਾ ਉਪਦੇਸ਼ ਕੀਤਾ।

ਸ਼ਾਮ ਦਾ ਦੀਵਾਨ ਹਰੀ ਮੰਦਰ ਚ ਲੱਗਾ। ਅੱਜ ਪੰਡਿਤ ਯਾਦਵਿੰਦਰ ਸਿੰਘ ਜੀ ਨੇ ਸਿੱਖ ਧਰਮ ਦੀ ਮਹਾਨਤਾ ਨੂੰ ਗੁਰੂ ਨਾਨਕ ਸਾਹਿਬ ਤੋਂ ਲੈਕੇ ਸਾਰੇ ਸਤਿਗੁਰੂ ਸਾਹਿਬਾਨਾ ਦੇ ਕੀਤੇ ਉਪਕਾਰਾਂ ਦਾ ਵਰਨਣ ਕਰਕੇ ਦੱਸਿਆ। ਉਪਰੰਤ ਹਜ਼ੂਰੀ ਰਾਗੀਆਂ ਦੇ ਕੀਰਤਨ ਤੋਂ ਬਾਅਦ ਮਹੇਸ਼ ਅਗਰਵਾਲ ਨੇ ਮੰਚ ਸੰਭਾਲਦਿਆਂ ਪੂਰੇ ਆਰੂਸ਼ਾ ਦੀ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਜੀ ,ਮਾਤਾ ਜੀ ਤੇ ਨਾਲ ਆਏ ਸਿੱਖਾਂ ਸੇਵਕਾਂ ਨੂੰ ਜੀ ਆਇਆਂ ਆਖਿਆ। ਸਿੱਖਾਂ ਸੇਵਕਾਂ ਨੂੰ ਜੀ ਆਇਆਂ ਆਖਿਆ। ਆਰੂਸ਼ਾ ਸ਼ਹਿਰ ਦੇ ਭਾਰਤੀ ਸੰਸਥਵਾਂ ਤੇ ਉਦਯੋਗਪਤੀਆਂ ਨੇ ਸ੍ਰੀ ਹਜ਼ੂਰ ਨੂੰ ਬੁੱਕੇ ਭੇਂਟ ਕਰ ਖੁਸ਼ਆਮਦੀਦ ਕਰਿਆ। ਨਿਤਨੇਮ ਤੋਂ ਬਾਅਦ ਕਈ ਖੁੱਲੇ ਸਰੀਰਾਂ ਸਤਿਗੁਰੂ ਜੀ ਦੇ ਚਰਨ ਪਰਸੇ ਤੇ ਹੁਕਮ ਅਨੁਸਾਰ ਭਜਨ ਪੁੱਛਿਆ, ਸਤਿਗੁਰੂ ਜੀ ਨੇ ਸਭ ਨੂੰ ਮਾਸ ਸ਼ਰਾਬ ਤਿਆਗਣ ਦਾ ਹੁਕਮ ਕੀਤਾ। ਅੱਜ ਸ਼ਾਮ ਦਾ ਲੰਗਰ ਸਤਿਗੁਰੂ ਜੀ ਦਾ ਆਰੂਸ਼ਾ ਸੰਗਤ ਦੇ ਪ੍ਰਧਾਨ ਲਾਲਾ ਪ੍ਰੇਮਪਾਲ ਜੀ ਵੱਲ ਸੀ। ਅਗਲੇ ਦਿਨ 5 ਜੁਲਾਈ ਦੀ ਆਸਾ ਦੀ ਵਾਰ ਉਪਰੰਤ 15 ਪਾਠਾਂ ਦੇ ਭੋਗ ਪਾਏ ਗਏ। ਅੱਠ ਪਾਠ ਸੰਤ ਦਲਜੀਤ ਸਿੰਘ ਜੀ ਮੋਸ਼ੀ ਵਾਲਿਆਂ ਦੇ ਸਨ ਆਦਿ ਬਾਣੀ ਤੇ ਇੱਕ ਪਾਠ ਦਸਮ ਦਰਬਾਰ ਦਾ ਇਸ ਤੋਂ ਇਲਾਵਾ 5 ਪਾਠ ਜਗਜੀਤ ਅਗਰਵਾਲ ਜੀ ਦੇ ਪਰਿਵਾਰ ਵੱਲੋਂ ਸਨ। ਇਹ ਸਾਰੇ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ,ਸਤਿਗੁਰੂ ਜਗਜੀਤ ਸਿੰਘ ਜੀ ਤੇ ਮਾਤਾ ਚੰਦ ਕੌਰ ਜੀ ਦੀ ਯਾਦ ਤੇ ਸ੍ਰੀ ਸਤਿਗਰੂ ਉਦੇ ਸਿੰਘ ਜੀ ਦੇ ਆਰੂਸ਼ਾ ਦਰਸ਼ਨ ਦੇਣ ਦੀ ਖੁਸ਼ੀ ਵਿੱਚ ਕੀਤੇ ਗਏ ਸਨ। ਏਥੋਂ ਹੁੰਦੇ

ਹੋਏ ਆਪ ਜੀ ਤਰਸੇਮ ਚੰਦ ਦੀ ਫੈਕਟਰੀ ਮੇਰੂ ਰਿਫਾਇੰਡਰੀ ਜਿੱਥੇ ਇਫਾਇੰਡ ਤੇਲ ਬਣਦਾ ਹੈ ਓਥੇ ਹੁੰਦੀ ਵਰਨੀ ਵਿੱਚ ਦਰਸ਼ਨ ਦਿੱਤੇ। ਏਥੋਂ ਪਾਤਿਸ਼ਾਹ ਜੀ ਐਨ ਐਸ ਜੀ ਹਸਪਤਾਲ ਜੋ ਕਿ ਮਹੇਸ਼ ਅਗਰਵਾਲ ਜੀ ਚਲਾ ਰਹੇ ਹਨ ਓਥੇ ਦਰਸ਼ਨ ਦਿੱਤੇ।

ਨੈਰੋਬੀ ਵਾਪਸੀ: ਨੈਰੋਬੀ ਪੁੱਜ ਸੰਤ ਹਰਭਜਨ ਸਿੰਘ ਸੀਹਰਾ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਉਹਨਾਂ ਦੀ ਧਰਮ ਪਤਨੀ ਜੋ ਕਿ ਬੀਮਾਰ ਸਨ ਉਹਨਾਂ ਨੂੰ ਜਾ ਦਰਸ਼ਨ ਦਿੱਤੇ।

6 ਜੁਲਾਈ 2018: ਅੱਜ ਸਵੇਰੇ ਆਸਾ ਦੀ ਵਾਰ ਧਰਮਸ਼ਾਲਾ ਹੀ ਲੱਗੀ। ਨੈਰੋਬੀ ਹੀ ਸੰਤ ਨਰੈਣ ਸਿੰਘ ਹੋਰਾਂ ਕਾਰਾਂ ਦਾ ਨਵਾਂ ਸ਼ੌਅਰੂਮ ਖੋਲਿਆ ਸੀ ਤੇ ਉਹਨਾਂ ਸਤਿਗੁਰੂ ਜੀ ਦੇ ਚਰਨਾ ਵਿੱਚ ਅਖੰਡ ਪਾਠ ਰੱਖਣ ਲਈ ਅਰਜ਼ ਕੀਤੀ ਹੋਈ ਸੀ ।ਸੋ ਸਾਨੂੰ ਇਹ ਹੁਕਮ ਤਾਂ ਭਾਰਤ ਹੀ ਹੋ ਗਿਆ ਸੀ।ਸਵੇਰੇ 11 ਕੁ ਵਜੇ ਤਿਆਰੀ ਕਰਕੇ ਅਖੰਡ ਪਾਠ ਤੋਰ ਦਿੱਤਾ ਗਿਆ।ਸ਼੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਅਖੰਡ ਪਾਠ ਵਿੱਚ ਤਕਰੀਬਨ ਸਾਰੇ ਨੌਜਵਾਨ ਹੀ ਸਨ ਉਹ ਵੀ ਇੰਗਲੈਂਡ,ਡੁਬਈ,ਅਫਰੀਕਾ ਤੇ ਭਾਰਤ ਦੇ ਅਤੇ ਕੋਈ ਵੀ ਇਸ ਤਰਾਂ ਨਹੀਂ ਕਿ ਪ੍ਰੋਫੈਸ਼ਨਲ ਪਾਠੀ ਸੀ,ਇਹ ਸਤਿਗੁਰੂ ਜੀ ਦੀ ਕਿਰਪਾ ਹੀ ਸੀ ਕਿ ਇਹ ਅੰਤਰਰਾਸ਼ਟਰੀ ਪਾਠ ਹੋਇਆ।ਪਾਠੀਆਂ ਵਿੱਚ ਸੇਵਕ ਆਸਾ ਸਿੰਘ, ਰਾਗੀ ਬਲਵੰਤ ਸਿੰਘ, ਸੁਖਵਿੰਦਰ ਸਿੰਘ, ਪੰਡਿਤ ਯਾਦਵਿੰਦਰ ਸਿੰਘ, ਸੇਵਕ ਸਤਨਾਮ ਸਿੰਘ ਭਾਰਤ ਤੋਂ, ਸੂਬਾ ਸਤਨਾਮ ਸਿੰਘ ਆਸਟ੍ਰੇਲੀਆ, ਗਿਆਨ ਸਿੰਘ ਡੁਬਈ,ਕੁਲਬੀਰ ਸਿੰਘ ਨੈਰੋਬੀ,ਸੰਦੀਪ ਸਿੰਘ ਇੰਗਲੈਂਡ ਤੇ ਸੰਤ ਕੁਲਵੰਤ ਸਿੰਘ ਜੀ ਨੈਰੋਬੀ ਤੋਂ ਸਨ।ਸਤਿਗੁਰੂ ਜੀ ਇਹ ਵਿਖਾਇਆ ਕਿ ਪਾਠ ਮੇਰਾ ਕੋਈ ਵੀ ਸਿੱਖ ਕਰ ਸਕਦਾ ਹੈ ਤੇ ਹਰ ਸਮੇਂ ਤਿਆਰ ਹੈ ਹਰ ਕੰਮ ਕਰਨ ਨੂੰ ਆਪ ਜੀ ਆਪ ਦਰਸ਼ਨ ਦੇ ਕੋਲ ਖੜੋ ਪਾਠ ਸੁਣਨ ਦੀ ਕਿਰਪਾ ਕਰਦੇ ਰਹੇ ਤੇ ਸਾਡੀਆਂ ਡਿਊਟੀਆਂ ਆਪ ਵੰਡੀਆਂ।ਨਰਾਇਣ ਸਿੰਘ ਸੋਖੀ ਤੇ ਉਹਨਾਂ ਦੀ ਪਤਨੀ ਬਿੰਦੂ ਪਾਠੀਆਂ ਦੀ ਸੇਵਾ ਵਿੱਚ ਲੱਗੇ ਹੋਏ ਸਨ।ਅੱਜ ਸ਼ਾਮ ਦਾ ਨਿਤਨੇਮ ਤੇ ਦੀਵਾਨ ਵੀ ਧਰਮਸ਼ਾਲਾ ਵਿਖੇ ਹੋਇਆ ਪੰਡਿਤ ਯਾਦਵਿੰਦਰ ਸਿੰਘ ਹੋਰਾ ਸੇਵਾ ਦੇ ਵਿਸ਼ੇ ਤੇ ਪ੍ਰਭਾਵਸ਼ਾਲੀ ਖੋਜ ਭਰਪੂਰ ਕਥਾ ਕਰ ਸਤਿਗੁਰੂ ਜੀ ਦੀਆਂ ਉਚੇਚੇ ਖੁਸ਼ੀਆਂ ਪ੍ਰਾਪਤ ਕੀਤੀਆਂ।

7 ਜੁਲਾਈ: ਅੱਜ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਇੰਗਲੈਂਡ ਦੇ ਨੌਜਵਾਨ ਸਰਬਜੀਤ ਸਿੰਘ ਦਾ ਆਨੰਦ ਕਾਰਜ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨੈਰੋਬੀ ਦੀ ਨੀਨਾ ਕੌਰ ਨਾਲ ਪੂਰਨ ਨਾਮਧਾਰੀ ਮਰਯਾਦਾ ਵਿੱਚ ਹੋਇਆ।ਏਥੋਂ ਪਾਤਿਸ਼ਾਹ ਜੀ ਡੇਰੇ ਹੁੰਦੇ ਹੋਏ ਪ੍ਰਸ਼ਾਦ ਛਕ ਨੈਰੋਬੀ ਨੈਸ਼ਨਲ ਪਾਰਕ ਵਿਖੇ ਦਰਸ਼ਨ ਦਿੱਤੇ।ਨੈਸ਼ਨਲ ਪਾਰਕ ਤੋਂ ਮੁੜਦਿਆਂ ਆਪ ਜੀ ਆਖੰਡ ਪਾਠ ਵਾਲੀ ਥਾਂ ਆ ਕਿਰਪਾ ਕੀਤੀ ਤੇ ਪਾਠ ਸ੍ਰਵਣ ਕੀਤਾ।ਆਪ ਜੀ ਅੱਜ ਕਈਆਂ ਘਰਾਂ ਤੇ ਸਿੱਖਾਂ ਦੇ ਕਾਰੋਬਾਰੀ ਥਾਵਾਂ ਤੇ ਵੀ ਦਰਸ਼ਨ ਦੇਣ ਦੀ ਕਿਰਪਾ ਕੀਤੀ।ਅੱਜ ਸ਼ਾਮ ਦਾ ਦੌਰੇ ਦਾ ਆਖਰੀ ਦੀਵਾਨ ਵੀ ਨੈਰੋਬੀ ਧਰਮਸ਼ਾਲਾ ਵਿਖੇ ਹੀ ਹੋਇਆ।

8 ਜੁਲਾਈ ਭਾਰਤ ਵਾਪਸੀ: ਸਤਿਗੁਰੂ ਜੀ ਇਸ ਦੌਰੇ ਦੌਰਾਨ ਆਪਣੇ ਸਿੱਖਾਂ ਸੇਵਕਾਂ ਨੂੰ ਨਿਵਾਜਿਆ ਉਹਨਾਂ ਨੂੰ ਸਿੱਖੀ ਵਿੱਚ ਪਰਪੱਕ ਹੋਣ ਲਈ ਬਾਣੀ ਪੜ੍ਹਨ ਤੇ ਨਾਮ ਜਪਣ ਨੂੰ ਹੁਕਮ ਕੀਤਾ।ਪੰਜਾਬੀ ਪੜ੍ਹਨ ਤੇ ਬੋਲਣ ਲਈ ਉਪਦੇਸ਼ ਕੀਤਾ।ਹੋਰਾਂ ਲੋਕਾਂ ਨੂੰ ਵੀ ਮਾਸ ਸ਼ਰਾਬ ਦਾ ਤਿਆਗ ਕਰਨ ਲਈ ਪ੍ਰੇਰਨਾ ਦੇਣ ਨੂੰ ਆਪਣੇ ਸਿੱਖਾਂ ਨੂੰ ਹੁਕਮ ਕੀਤਾ। ਅਜ ਆਸਾ ਦੀ ਵਾਰ ਦਾ ਕੀਰਤਨ ਸੰਤ ਨਰਾਇਣ ਸਿੰਘ ਸੋਖੀ ਦੇ ਕਾਰਾਂ ਦੇ ਸ਼ੋਅ ਰੂਮ ਵਿੱਚ ਹੀ ਹੋਇਆ ਉਪਰੰਤ ਅਖੰਡ ਪਾਠ ਦੇ ਭੋਗ ਦੇ ਸਲੋਕ ਪੜ੍ਹੇ ਗਏ।ਸਤਿਗੁਰੂ ਜੀ ਅਖੰਡ ਪਾਠ ਵਿੱਚ ਲੱਗਣ ਵਾਲੇ ਸਾਰੇ ਨੌਜਵਾਨਾਂ ਨੂੰ ਅਥਾਹ ਖੁਸ਼ੀਆਂ ਬਖਸ਼ੀਆਂ।ਨਰਾਇਣ ਸਿੰਘ ਨੂੰ ਹੁਕਮ ਕੀਤਾ ਕਿ ਤੁਸੀਂ ਬਹੁਤ ਵਧੀਆ ਉੱਦਮ ਕੀਤਾ ਹੈ ਜੋ ਮੇਲਾ ਹੋ ਗਿਆ ਬਾਣੀ ਪੜ੍ਹੀ ਗਾਈ ਗਈ ਹੈ।ਨਰਾਇਣ ਸਿੰਘ ਤੇ ਉਸਦੀ ਪਤਨੀ ਬਿੰਦੂ ਵੈਰਾਗੀ ਸਨ ਤੇ ਵਾਰ ਵਾਰ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰ ਰਹੇ ਸਨ। ਏਥੋਂ ਡੇਰੇ ਜਾ ਪਾਤਿਸ਼ਾਹ ਜੀ ਘਰ ਵਾਲੇ ਸਾਰੇ ਬੱਚਿਆਂ ਅਤੇ ਬੀਬੀਆਂ ਨੂੰ ਬੁਲਾ ਜਪੁਜੀ ਸਾਹਿਬ ਦਾ ਪਾਠ ਸੁਨਾਣ ਦਾ ਹੁਕਮ ਕੀਤਾ ਤੇ ਅਗਾਂਹ ਤੋਂ ਗੁਰਬਾਣੀ ਨੂੰ ਚੰਗੀ ਤਰਾਂ ਸਿੱਖਣ ਤੇ ਰੋਜ਼ਾਨਾ ਪੜ੍ਹਨ ਲਈ ਪੱਕਿਆਂ ਕੀਤਾ।ਡੇਰੇ ਹੀ ਸੰਤ ਸੁਰਿੰਦਰ ਸਿੰਘ ਜੀ ਦੇ ਦੋਵਾਂ ਬੇਟੇ ਗੁਰਚਰਨ ਸਿੰਘ ਤੇ ਪ੍ਰਿਤਪਾਲ ਸਿੰਘ ਦੇ ਦੋਵਾਂ ਪੁੱਤਰਾਂ ਗੁਰਦੇਵ ਸਿੰਘ ਤੇ ਪਿਆਰਾ ਸਿੰਘ ਨੂੰ ਸਤਿਗੁਰੂ ਜੀ ਨੇ ਆਪਣੇ ਹਸਤ ਕਵਲਾ ਨਾਲ ਦਸਤਾਰ ਸਜਾਉਣ ਦੀ ਕਿਰਪਾ ਕੀਤੀ।ਉਪਰੰਤ ਭਾਰਤ ਨੂੰ ਰਵਾਨਾ ਹੋਏ।

**-ਸੁਖਵਿੰਦਰ ਸਿੰਘ ਲਾਇਲ**

## ਸਰੀ (ਕੈਨੇਡਾ) ਵਿਖੇ ਮਨਜੀਤ ਸਿੰਘ ਦੇ ਗ੍ਰਹਿ ਵਿੱਚ ਆਸਾ ਦੀ ਵਾਰ ਤੇ ਹਵਨ ਯੱਗ

**8 ਜੁਲਾਈ 2018, ਐਤਵਾਰ**-ਮਨਜੀਤ ਸਿੰਘ ਨੇ ਆਪਣੇ ਨਵੇਂ ਗ੍ਰਹਿ ਵਿਖੇ ਆਸਾ ਦੀ ਵਾਰ ਦਾ ਕੀਰਤਨ ਅਤੇ ਹਵਨ ਯੱਗ ਕਰਵਾਇਆ। ਇਹ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨਿਆਂ ਦੀ ਸਾਕਾਰਤਾ ਹੀ ਹੈ ਕਿ ਅਖੰਡ ਪਾਠ, ਵਰਨੀ, ਹਵਨ ਆਦਿ ਧਾਰਮਿਕ ਕਾਰਜ ਏਥੋਂ ਦੇ ਕਿਰਤੀ ਸਿੱਖ ਆਪ ਹੀ ਮਿਲ ਕੇ ਕਰ ਲੈਂਦੇ ਹਨ। ਬੱਚੇ-ਬੱਚੀਆਂ ਨੇ ਮਿਲ ਕੇ ਤੰਤੀ ਸਾਜਾਂ ਨਾਲ ਕੀਰਤਨ ਕੀਤਾ।ਇਨ੍ਹਾਂ ਧਾਰਮਿਕ ਕਾਰਜਾਂ ਵਿੱਚ ਸੂਬਾ ਬਲਬੀਰ ਸਿੰਘ ਅਤੇ ਗੁਰਨਾਮ ਸਿੰਘ ਦਾ ਵੱਡਾ ਉੱਦਮ ਹੈ।

**-ਹਰਪਾਲ ਸਿੰਘ ਸੇਵਕ**

## ਸਰੀ (ਕੈਨੇਡਾ) ਵਿਖੇ ਅਖੰਡ ਪਾਠ

**ਸਰੀ, 29-30 ਜੂਨ 1 ਜੁਲਾਈ 2018**-ਸੁਰਿੰਦਰ ਸਿੰਘ, ਗੁਰਮੀਤ ਸਿੰਘ ਸਪੁੱਤਰ ਸੰਤ ਸਰਦੂਲ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਅਖੰਡ ਪਾਠ ਕੀਤਾ।ਸੂਬਾ ਬਲਬੀਰ ਸਿੰਘ ਜੀ ਨੇ ਅਰਦਾਸ ਕਰਕੇ ਦੁਪਹਿਰ ਸਮੇਂ ਅਖੰਡ ਪਾਠ ਦੀ ਆਰੰਭਤਾ ਕੀਤੀ।ਸੰਤ ਤਜਿੰਦਰ ਸਿੰਘ, ਅਮਰਜੀਤ ਸਿੰਘ ਭੋਏਵਾਲੀ, ਦਵਿੰਦਰ ਸਿੰਘ ਰਾਗੀ, ਸੂਬਾ ਬਲਬੀਰ ਸਿੰਘ, ਗੁਰਨਾਮ ਸਿੰਘ ਹੋਠੀਆਂ, ਹਰਪਾਲ ਸਿੰਘ ਸੇਵਕ, ਪਵਨਜੀਤ ਸਿੰਘ, ਰਾਜਾਹਰਵਿੰਦਰ ਸਿੰਘ ਨੇ ਪਾਠੀਆਂ ਦੀ ਸੇਵਾ ਨਿਭਾਈ ਅਤੇ ਕਾਕਾ ਗੁਰਚਰਨ ਸਿੰਘ, ਹਰਦਿਆਲ ਸਿੰਘ, ਗਿਆਨ ਸਿੰਘ, ਪਿਆਰਾ ਸਿੰਘ, ਦਰਸ਼ਨ ਸਿੰਘ ਮਠਾੜੂ, ਅਤਰ ਸਿੰਘ, ਰਵਿੰਦਰਪਾਲ ਸਿੰਘ, ਕਾਬਲ ਸਿੰਘ, ਸੁਖਦੇਵ ਸਿੰਘ ਨੇ ਧੂਪੀਏ ਦੀ ਸੇਵਾ ਨਿਭਾਈ। ਆਸਾ ਸਿੰਘ ਰਾਤ ਭਰ ਜਾਗ ਕੇ ਪਹਿਰੂ ਦੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ। ਗੁਰਮੀਤ ਸਿੰਘ ਕਾਕਾ ਅਤੇ ਬਲਦੇਵ ਸਿੰਘ ਮੌਜੂਖੇੜਾ ਨੇ ਲੰਗਰ ਦੀ ਸੇਵਾ ਸੰਭਾਲੀ। ਤਿੰਨ ਦਿਨਾਂ ਲਈ ਅਖੰਡ ਪਾਠ ਵਾਲੇ ਘਰ ਮੇਲਾ ਬਣਿਆ ਰਿਹਾ । ਸਵੇਰੇ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਦਾ ਨਾਮ ਸਿਮਰਨ, ਕਥਾ ਕੀਰਤਨ ਦਾ ਪ੍ਰਵਾਹ ਜਾਰੀ

ਰਿਹਾ।30 ਜੂਨ ਸ਼ਨੀਵਾਰ ਸ਼ਾਮ ਦਾ ਪ੍ਰੋਗਰਾਮ ਜੋ ਗੁਰਦੁਆਰੇ ਹੋਣਾ ਸੀ, ਸੁਰਿੰਦਰ ਸਿੰਘ ਦੇ ਗ੍ਰਿਹ ਵਿਖੇ ਹੀ ਹੋਇਆ। ਨਾਮ ਸਿਮਰਨ ਉਪਰੰਤ ਉਸਤਾਦ ਦਵਿੰਦਰ ਸਿੰਘ, ਗੁਰਚਰਨ ਸਿੰਘ ਅਤੇ ਤਬਲੇ ਤੇ ਡਾ. ਦਰਸ਼ਨ ਸਿੰਘ ਨੇ ਕੀਤਰਨ ਕੀਤਾ। ਕੀਰਤਨ ਸਮੇਂ ਛੋਟੇ ਬੱਚੇ ਕਾਕਾ ਦਿਦਾਰ ਸਿੰਘ ਸਪੁੱਤਰ ਦਵਿੰਦਰ ਸਿੰਘ ਅਤੇ ਕਾਕਾ ਗਿਆਨ ਸਿੰਘ ਸਪੁੱਤਰ ਗੁਰਨਾਮ ਸਿੰਘ ਵੀ ਨਾਲ ਗਾ ਰਹੇ ਸਨ। ਉਪਰੰਤ ਸ. ਗੁਰਬਚਨ ਸਿੰਘ ਨੇ ਆਪਣੀ ਨਜ਼ਮ ਦੁਆਰਾ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਯਾਦਾਂ ਤਾਜ਼ਾ ਕਰਵਾਈਆਂ। ਅਨੂਪ ਸਿੰਘ ਨੇ ਵੀ ਇੱਕ ਕਵਿਤਾ ਗਾ ਕੇ ਪੇਸ਼ ਕੀਤੀ। ਸੇਵਕ ਹਰਪਾਲ ਸਿੰਘ ਨੇ ਗੁਰੂ ਜੱਸ ਸੁਣਾ ਕੇ ਨਿਹਾਲ ਕੀਤਾ।

1 ਜੁਲਾਈ ਐਤਵਾਰ ਅਖੰਡ ਪਾਠ ਵਾਲੇ ਗ੍ਰਿਹ ਵਿਖੇ ਹੀ ਸੁੰਦਰ ਸ਼ਮਿਆਨੇ ਹੇਠ ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ 4 ਤੋਂ 6 ਵਜੇ ਤੱਕ ਹੋਇਆ।ਆਸਾ ਦੀ ਵਾਰ ਦੇ ਜਥੇ ਵਿੱਚ ਕਾਕਾ ਗਿਆਨ ਸਿੰਘ, ਪਿਆਰਾ ਸਿੰਘ, ਦਿਦਾਰ ਸਿੰਘ, ਭਗਵਾਨ ਸਿੰਘ, ਬਲਕਾਰ ਸਿੰਘ, ਅਜੀਤ ਸਿੰਘ, ਪਵਿੱਤਰ ਸਿੰਘ ਅਤੇ ਦਰਸ਼ਨ ਸਿੰਘ, ਬੱਚੀਆਂ ਗੁਰਲੀਨ ਕੌਰ, ਸਤਵੰਤ ਕੌਰ, ਜੈ ਕੌਰ, ਬਰੀਆ ਕੌਰ, ਪਵਿੱਤਰ ਕੌਰ ਅਤੇ ਸੰਤ ਕੌਰ ਸਨ।

ਇਸ ਅਖੰਡ ਪਾਠ ਦੀ ਅਰਦਾਸ ਸੂਬਾ ਜੀ ਨੇ ਬੀਬੀ ਕਵਲਦੀਪ ਕੌਰ ਪਤਨੀ ਸੁਰਿੰਦਰ ਸਿੰਘ ਨੂੰ ਪੜ੍ਹਾਈ ਪੂਰੀ ਕਰਕੇ ਡਿਗਰੀ ਮਿਲਣ ਦੀ ਖੁਸ਼ੀ ਵਿੱਚ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਕੀਤੀ।ਰਣਜੀਤ ਸਿੰਘ ਨੇ ਕੁਝ ਸਮਾਂ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਅਨੂਪ ਸਿੰਘ ਨੇ ਮਾਂ ਬੋਲੀ ਪੰਜਾਬੀ ਬਾਰੇ ਆਪਣੀ ਰਚਨਾ ਤਰੰਨੁਮ ਵਿੱਚ ਪੇਸ਼ ਕੀਤੀ ।ਉਪਰੰਤ ਸੇਵਕ ਹਰਪਾਲ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਦੀ ਮਹਾਨਤਾ, ਨਾਮ ਦੀ ਉਪਮਾ ਅਤੇ ਕੀਰਤਨ ਨਿਰਮੋਲਕ ਹੀਰਾ ਬਾਰੇ ਵਿਚਾਰ ਪੇਸ਼ ਕੀਤੇ।

**-ਹਰਪਾਲ ਸਿੰਘ ਸੇਵਕ**

## ਸਰੀ (ਕੈਨੇਡਾ) ਵਿਖੇ ਸ੍ਰੀ ਸਤਿਗੁਰੂ ਜੀ ਦੇ ਦੌਰੇ ਪ੍ਰਤੀ ਉਤਸ਼ਾਹ ਅਤੇ ਤਿਆਰੀਆਂ

**ਜੂਨ-ਜੁਲਾਈ 2018, ਸਰੀ ਬੀ.ਸੀ. ਕੈਨੇਡਾ**- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਕੈਨੇਡਾ ਦੇ 3 ਤੋਂ 10 ਅਗਸਤ ਤੱਕ ਦੇ ਹੋਣ ਵਾਲੇ ਦੌਰੇ ਪ੍ਰਤੀ ਏਥੋਂ ਦੀਆਂ ਸੰਗਤਾਂ ਵਿੱਚ ਬਹੁਤ ਉਤਸ਼ਾਹ ਹੈ ਕਿਉਂਕਿ ਪੰਥ ਦੀ ਵਾਗਡੋਰ ਸੰਭਾਲਣ ਉਪਰੰਤ ਸ੍ਰੀ ਸਤਿਗੁਰੂ ਜੀ ਦਾ ਕੈਨੇਡਾ ਦਾ ਆਪਣੀ ਕਿਸਮ ਦਾ ਇਹ ਪਹਿਲਾ ਦੌਰਾ ਹੈ। ਇੰਗਲੈਂਡ ਤੋਂ ਕਰੀਬ ਪੌਣੇ ਦੋ ਸੌ ਬੱਚੇ ਬੱਚੀਆਂ 2 ਅਗਸਤ ਨੂੰ ਵੈਨਕੂਵਰ ਵਿਖੇ ਪੁੱਜਣਗੇ। ਇਸ ਤੋਂ ਬਿਨਾਂ ਭਾਰਤ, ਅਮਰੀਕਾ, ਕੈਨੇਡਾ ਦੇ ਦੂਸਰੇ ਸ਼ਹਿਰਾਂ, ਟੋਰਾਂਟੋ ਅਤੇ ਕੈਲਗਰੀ ਆਦਿ ਤੋਂ ਵੀ ਸੰਗਤਾਂ ਆ ਰਹੀਆਂ ਹਨ। ਸ੍ਰੀ ਸਤਿਗੁਰੂ ਜੀ ਇਸ ਤੋਂ ਪਹਿਲਾਂ ਕਰੀਬ ਹਫਤੇ ਭਰ ਲਈ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ, ਸਨਫਰਾਂਸਿਸਕੋ ਅਤੇ ਸੈਨ ਹੋਜ਼ੇ ਦੀਆਂ ਸੰਗਤਾਂ ਨੂੰ ਨਿਵਾਜਣਗੇ।

3 ਤੋਂ 10 ਅਗਸਤ ਹਫਤੇ ਭਰ ਦਾ ਸ਼ਿਵਿਰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇੱਕ ਗੁਰਮਤਿ ਸਿਖਲਾਈ ਸਮਾਗਮ ਹੋਵੇਗਾ। ਇੰਗਲੈਂਡ ਦੇ ਪ੍ਰਬੰਧਕੀ ਵਰਗ ਨੇ ਸ੍ਰੀ ਸਤਿਗੁਰੂ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਹਫਤੇ ਭਰ ਦੇ ਸਾਰੇ ਪ੍ਰੋਗਰਾਮ ਬਹੁਤ ਰੌਚਿਕ ਉਲੀਕੇ ਹੋਏ ਹਨ। ਇਹ ਸਾਰੇ ਪ੍ਰੋਗਰਾਮ ਟ੍ਰਿਨਿਟੀ ਵੈਸਟਰਨ ਯੂਨੀਵਰਸਿਟੀ ਦੇ ਕੰਪਲੈਕਸ ਵਿੱਚ ਹੋਣਗੇ।ਸ੍ਰੀ ਸਤਿਗੁਰੂ ਜੀ ਦੇ ਨਾਲ ਆ ਰਹੀਆਂ ਸੰਗਤਾਂ, ਆਇਰਲੈਂਡ, ਇੰਗਲੈਂਡ ਦੇ ਨੌਜੁਆਨ, ਅਮਰੀਕਾ ਅਤੇ ਟੋਰਾਂਟੋ ਤੋਂ ਆ ਰਹੀਆਂ ਸੰਗਤਾਂ ਕਰੀਬ ਤਿੰਨ-ਸਾਢੇ ਤਿੰਨ ਸੌ ਬਾਹਰੋਂ ਆਏ ਅਤਿੱਥੀਆਂ ਨੂੰ ਸੰਭਾਲਣ ਲਈ ਵੈਨਕੂਵਰ ਦੀਆਂ ਸੰਗਤਾਂ ਬੜੇ ਉਤਸ਼ਾਹ ਨਾਲ ਜੁੱਟੀਆਂ ਹੋਈਆਂ ਹਨ।

ਨਾਮਧਾਰੀ ਧਰਮਸਾਲਾ ਸਰੀ ਵਿਖੇ 2 ਤੋਂ 6 ਜੁਲਾਈ ਨੂੰ ਏਥੋਂ ਦੇ ਪ੍ਰਬੰਧਕੀ ਵਰਗ ਦੀਆਂ ਵਿਸ਼ੇਸ਼ ਇਕੱਤਰਤਾਵਾਂ ਹੋਈਆਂ। ਮੀਟਿੰਗ ਵਿੱਚ ਆਏ ਬੱਚੇ-ਬੱਚੀਆਂ ਨੂੰ ਸ. ਦਲਜੀਤ ਸਿੰਘ ਨੇ ਸਕਰੀਨ ਤੇ ਪਰੈਜ਼ੇਂਟੇਸ਼ਨ ਦੁਆਰਾ ਹੋਣ ਵਾਲੇ ਪ੍ਰੋਗਰਾਮਾਂ ਬਾਰੇ ਦੱਸਿਆ।ਪ੍ਰਬੰਧਕੀ ਵਰਗ ਵਿੱਚ ਮੁੱਖ ਤੌਰ ਤੇ ਸ. ਦਲਜੀਤ ਸਿੰਘ, ਸ. ਗੁਰਸੇਵ ਸਿੰਘ, ਸੂਬਾ ਬਲਬੀਰ ਸਿੰਘ, ਕੰਵਲਜੀਤ ਸਿੰਘ, ਸੁਰਿੰਦਰ ਸਿੰਘ, ਪ੍ਰਭਦੀਪ ਸਿੰਘ, ਗੁਰਨਾਮ ਸਿੰਘ ਅਤੇ ਬੀਬੀ ਕਵਲਦੀਪ ਕੌਰ, ਗੁਣਵੰਤ ਕੌਰ ਅਤੇ ਅਵਨੂਰ ਕੌਰ ਹਨ।ਏਥੋਂ ਦੀਆਂ ਸੰਗਤਾਂ ਏਡੇ ਵੱਡੇ ਮੇਲੇ ਲਈ ਮਾਇਕ ਸੇਵਾ ਵੀ ਬੜੇ ਉਤਸ਼ਾਹ ਨਾਲ ਕਰ ਰਹੀਆਂ ਹਨ। ਵੱਖ-ਵੱਖ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਬੱਚੇ ਏਨੇ ਉਤਸ਼ਾਹ ਨਾਲ ਤਿਆਰੀ ਕਰ ਰਹੇ ਹਨ।

**-ਹਰਪਾਲ ਸਿੰਘ ਸੇਵਕ**

## ਹੁਣ ਅਖੰਡ ਪਾਠ ਸਾਉਣ-ਭਾਦਰੋਂ ਮਹੀਨੇ ਵੀ ਹੋਣਗੇ

**ਪਿਛਲੇ ਦਿਨੀਂ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਜੋ ਅਖੰਡ ਪਾਠ ਹਵਨ ਅਤੇ ਵਰਨੀਆਂ ਆਦਿ ਸਾਉਣ ਅਤੇ ਭਾਦਰੋਂ ਦੇ ਮਹੀਨੇ ਵਿਚ ਬੰਦ ਹੋ ਜਾਂਦੇ ਸਨ, ਉਹ ਹੁਣ ਬੰਦ ਨਾ ਕਰੋ, ਉਹਨਾਂ ਨੂੰ ਚਲਦੇ ਰੱਖ ਸਕਦੇ ਹੋ। ਇਹ ਪਾਠ ਪਹਿਲਾਂ ਸਤਿਗੁਰੂ ਜੀ ਦੇ ਹੁਕਮ ਨਾਲ ਇਸ ਕਰਕੇ ਬੰਦ ਹੁੰਦੇ ਸਨ ਕਿ ਬਾਰਸ਼ਾਂ ਸਮੇਂ ਨਿਕਲਣ ਵਾਲੇ ਜੀਵ ਕੀੜੇ, ਭਮੱਕੜ ਆਦਿ ਅਗਨੀ'ਤੇ ਪੈ ਕੇ ਸੜਦੇ ਅਤੇ ਮਰਦੇ ਸਨ। ਅੱਜ ਦੀਆਂ ਸੁੱਖ ਸਹੂਲਤਾਂ ਨੂੰ ਵੇਖ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਹੁਕਮ ਕੀਤਾ ਹੈ ਕਿ ਕੀੜਿਆਂ, ਭਮੱਕੜਾਂ ਆਦਿ ਦਾ ਅਗਨੀ'ਤੇ ਪੈਣ ਤੋਂ ਪ੍ਰਬੰਧ ਕਰਕੇ ਅਖੰਡ ਪਾਠ, ਹਵਨ, ਵਰਨੀਆਂ ਆਦਿ ਸਾਉਣ ਅਤੇ ਭਾਦਰੋਂ ਮਹੀਨਿਆਂ ਵਿਚ ਵੀ ਕਰ ਸਕਦੇ ਹੋ।**

## ਗੁਰੂ ਕੀ ਗੋਲਕ ਵਾਲੀ ਮਾਇਆ ਹੁਣ ਨਾ ਰਖੋ।

**ਅਖੰਡ ਪਾਠ ਅਤੇ ਵਰਨੀ ਵਿਚ ਪਹਿਲਾਂ ਗੁਰੂ ਕੀ ਗੋਲਕ ਵਾਸਤੇ ਕੁਝ ਮਾਇਆ ਰੱਖੀ ਜਾਂਦੀ ਸੀ। ਪਰ ਹੁਣ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੋਇਆ ਹੈ ਕਿ ਇਹ ਮਾਇਆ ਰੱਖਣ ਦੀ ਲੋੜ ਨਹੀਂ।**

# ਸ੍ਰੀ ਸਤਿਗੁਰੂ ਜੀ ਅਫ਼ਰੀਕਾ ਦੇ ਪਰਿਵਾਰਾਂ ਤੇ ਕਿਰਪਾ ਕਰਦੇ ਹੋਏ










Date of Publication: 25-07-2018,
Date of Posting: 26-27 July 2018

RNI NO. 55658/93 Delhi Postal Regd. No. DL(W) 01/2055/18-20

ਰੱਸਾ ਫਾਂਸੀ ਦਾ ਪਾ ਕੇ ਗਲ ਆਪਣੇ,
ਗਿਲਾ ਦੂਰ ਕੀਤਾ ਮੋਇਆਂ ਹਾਣੀਆਂ ਦਾ,
ਕੀਤਾ ਮਾਂ ਪੰਜਾਬਣ ਦਾ ਦੁੱਧ ਸਫ਼ਲਾ,
ਕੀਤਾ ਨੀਰ ਸਫ਼ਲਾ ਪੰਜਾਂ ਪਾਣੀਆਂ ਦਾ।

ਊਧਮ ਸਿੰਘ ਜੰਮਦੇ ਮਰਦੇ ਲੱਖ ਰਹਿਸਣ,
ਮੌਤ ਜ਼ਿੰਦਗੀ ਦੀ ਗੱਡੀ ਥੰਮਣੀ ਨਹੀਂ,
ਰੱਖੇ ਅਣਖ ਪੰਜਾਬ ਦੀ ਰੱਬ ਸੱਚਾ,
ਜੇ ਇਹ ਮਰ ਗਈ ਪਰਤ ਕੇ ਜੰਮਣੀ ਨਹੀਂ।

ਬਾਗ਼ ਜਲ੍ਹਿਆਂ ਵਾਲੇ ਦੇ ਫੁੱਲ ਕਲੀਆਂ,
ਮਿੱਧੇ ਜੋ ਗੋਰੇ ਸ਼ਾਹੀ ਅੱਡੀਆਂ ਨੇ,
ਮੈਨੂੰ ਇਸ ਤਰ੍ਹਾਂ ਜਾਪਦੈ ਅੱਜ ਉਥੇ,
ਸੁੱਕੇ ਟਹਿਣਾਂ ਕਰੂੰਬਲਾ ਕੱਢੀਆਂ ਨੇ।

ਲੜਿਆ ਨਾਲ ਹਨੇਰੀਆਂ ਡਾਹ ਛਾਤੀ,
ਹੁਣ ਇਹ ਝਖੜ ਪਰ ਪਰਤ ਕੇ ਵੱਗਣਾ ਨਹੀਂ,
ਠੰਡਾ ਹੋ ਕੇ ਚੱਲਿਆਂ ਜੱਗ ਉਤੋਂ,
ਮੈਨੂੰ ਮੜ੍ਹੀ ਦਾ ਸੇਕ ਵੀ ਲੱਗਣਾ ਨਹੀਂ।

ਵਤਨਾਂ ਮੇਰਿਆ! ਮਤਾਂ ਕੋਈ ਇਹ ਆਖੇ,
ਮੇਰੀਆਂ ਅੱਖਾਂ 'ਚ ਤੇਰੀ ਤਸਵੀਰ ਨਹੀਂ ਸੀ,
ਤੇਰਾ ਨਾਂ ਮੈਂ ਚੁੰਮਦਾ ਜਾ ਰਿਹਾ ਹਾਂ,
ਤੈਨੂੰ ਵੇਖਣਾ ਮੇਰੀ ਤਕਦੀਰ ਨਹੀਂ ਸੀ।

ਮੇਰੀ ਆਖਰੀ ਖਾਹਸ਼ ਜੇ ਪੁੱਛਣੀ ਜੇ,
ਤਾਂ ਫਿਰ ਜ਼ਾਲਮੋਂ ਏਨਾ ਕੁ ਪੱਖ ਦੇਣਾ,
ਪੰਜਾਬ ਦੀ ਧਰਤੀ ਦਾ ਖਿੱਚ ਨਕਸ਼ਾ,
ਮੇਰੇ ਮੋਏ ਦੀ ਛਾਤੀ ਤੇ ਰੱਖ ਦੇਣਾ।

-ਕਰਤਾਰ ਸਿੰਘ ਬਲੱਗਣ

Printed and Published by Mr. Harvendra Singh Hanspal on behalf of Namdhari Darbar.Printed at Summit advertising press, 2DLF (Part), Moti Nagar, New Delhi and Published from Namdhari Gurdwara, ramesh Nagar,